ਖੇਤੀ ਸੰਬੰਧੀ ਸੰਪੂਰਣ ਜਾਣਕਾਰੀ ਲਈ
ਖੇਤੀ ਦੁਨੀਆਂ ਦੇ ਮੈਂਬਰ ਬਣੋ
ਇੱਕ ਸਾਲ ਲਈ 500/- ਰੁਪਏ
ਦੋ ਸਾਲ ਲਈ 750/- ਰੁਪਏ
ਚੰਦੇ ਭਰਨ ਲਈ QR ਕੋਡ ਸਕੈਨ ਕਰੋ।

ਭਾਰਤ ਦਾ ਇਕੋ-ਇੱਕ ਪੰਜਾਬੀ ਖੇਤੀਬਾੜੀ ਅਖਬਾਰ

# ਖੇਤੀ ਦੁਨੀਆਂ

KHETI DUNIYAN, PATIALA

Rs. 10/-

All Disputes Subject to Patiala Jurisdiction

Excellence in Agri Info

KHETI DUNIYAN, PATIALA

ਸਾਲ 43 • ਅੰਕ 12 • ਸ਼ਨੀਵਾਰ 22 ਮਾਰਚ, 2025

Editor : Jagpreet Singh • RNI/PUNPUN00806 • Page : 8 • Mktg. Office : KD Complex, Gaushala Road, Patiala-147001 (Pb.) • Ph. 0175-2214575, 90410-14575 • E-mail : khetiduniyan1983@gmail.com • www.khetiduniyan.in

ਤਰੱਕੀ ਦੇ

3 ਸਾਲ



## ਬਣਾ ਰਹੇ ਹਾਂ ਰੰਗਲਾ ਪੰਜਾਬ

ਯੁੱਧ ਨਸ਼ਿਆਂ ਵਿਰੁੱਧ

**ਯੁੱਧ ਨਸ਼ਿਆਂ ਵਿਰੁੱਧ**

**300 ਯੂਨਿਟ ਮੁਫ਼ਤ ਬਿਜਲੀ, 90% ਘਰਾਂ ਦਾ ਆਇਆ ₹0 ਬਿਜਲੀ ਬਿੱਲ**

**ਹਜ਼ਾਰਾਂ ਨੌਕਰੀਆਂ ਬਿਨਾਂ ਸਿਫ਼ਾਰਿਸ਼ ਬਿਨਾਂ ਰਿਸ਼ਵਤ**

**3 ਕਰੋੜ ਲੋਕਾਂ ਦਾ ਆਮ ਆਦਮੀ ਕਲੀਨਿਕ ਵਿੱਚ ਮੁਫ਼ਤ ਇਲਾਜ**

- ਬਜ਼ੁਰਗਾਂ, ਵਿਧਵਾਵਾਂ, ਬੇਸਹਾਰਾ ਔਰਤਾਂ ਤੇ ਬੱਚਿਆਂ ਅਤੇ ਦਿਵਿਆਂਗਜਨਾਂ ਨੂੰ ₹16847.83 ਕਰੋੜ ਦੀ ਵਿੱਤੀ ਸਹਾਇਤਾ
- 118 ਨਵੇਂ ਸਕੂਲ ਆਫ਼ ਐਮੀਨੈਂਸ, ਅਧਿਆਪਕਾਂ ਨੂੰ ਸਿੰਗਾਪੁਰ-ਫ਼ਿਨਲੈਂਡ ਵਿੱਚ ਸਿਖਲਾਈ
- ਹੁਣ ਤੱਕ ₹96,836 ਕਰੋੜ ਦਾ ਨਿਵੇਸ਼
- 15,947 ਖਾਲ ਬਹਾਲ ਕਰਕੇ ਸਿੰਜਾਈ ਲਈ ਟੇਲਾਂ ਤੱਕ ਪਹੁੰਚਾਇਆ ਨਹਿਰੀ ਪਾਣੀ
- ਸ਼ਹੀਦਾਂ ਦੇ ਪਰਿਵਾਰਾਂ ਨੂੰ ₹1 ਕਰੋੜ ਦੀ ਵਿੱਤੀ ਸਹਾਇਤਾ
- 35,500 ਸ਼ਰਧਾਲੂਆਂ ਨੂੰ ਤੀਰਥ ਅਸਥਾਨਾਂ ਦੇ ਮੁਫ਼ਤ ਦਰਸ਼ਨ
- ਭ੍ਰਿਸ਼ਟਾਚਾਰ ਮੁਕਤ ਪੰਜਾਬ ਤਹਿਤ 817 ਭ੍ਰਿਸ਼ਟਾਚਾਰੀ ਗ੍ਰਿਫ਼ਤਾਰ
- ਸੜਕ ਸੁਰੱਖਿਆ ਫ਼ੋਰਸ ਦਾ ਗਠਨ-144 ਹਾਈਟੈੱਕ ਗੱਡੀਆਂ, 5000 ਪੁਲਿਸ ਮੁਲਾਜ਼ਮ
- ਡੋਰ-ਸਟੈਪ ਡਿਲਿਵਰੀ ਸੇਵਾ, ਹੁਣ 406 ਸਰਕਾਰੀ ਸੇਵਾਵਾਂ ਤੁਹਾਡੇ ਘਰ
- ਸੀ.ਐਮ. ਦੀ ਯੋਗਸ਼ਾਲਾ - 1.5 ਲੱਖ ਤੋਂ ਵੱਧ ਲੋਕਾਂ ਨੂੰ ਮਿਲਿਆ ਲਾਭ

"ਪਿਛਲੇ ਤਿੰਨ ਸਾਲਾਂ ਤੋਂ ਅਸੀਂ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਸੁਪਨਿਆਂ ਦਾ ਪੰਜਾਬ ਸਿਰਜਣ ਦੀ ਕੋਸ਼ਿਸ਼ ਕਰ ਰਹੇ ਹਾਂ ਅਤੇ ਅੱਗੇ ਵੀ ਕਰਦੇ ਰਹਾਂਗੇ। ਆਓ, ਅਸੀਂ ਸਾਰੇ ਮਿਲ ਕੇ ਬਾਬਾ ਸਾਹਿਬ ਡਾ. ਬੀ.ਆਰ.ਅੰਬੇਡਕਰ ਦੇ ਦਿਖਾਏ ਹੋਏ ਰਸਤੇ 'ਤੇ ਚੱਲ ਕੇ ਇੱਕ ਰੰਗਲਾ ਪੰਜਾਬ ਬਣਾਈਏ।"

**ਭਗਵੰਤ ਸਿੰਘ ਮਾਨ**
ਮੁੱਖ ਮੰਤਰੀ, ਪੰਜਾਬ

**ਇੱਥੇ ਸਕੈਨ ਕਰੋ**
ਮੁੱਖ ਮੰਤਰੀ **ਭਗਵੰਤ ਸਿੰਘ ਮਾਨ**
ਦੇ ਵੱਟਸਐਪ ਚੈਨਲ ਨਾਲ ਜੁੜੋ

ਸੂਚਨਾ ਅਤੇ ਲੋਕ ਸੰਪਰਕ ਵਿਭਾਗ, ਪੰਜਾਬ

# ਸਦਾਬਹਾਰ ਫਲਦਾਰ ਪੌਦੇ ਲਗਾਉਣ ਦੇ ਤਰੀਕੇ

ਸਵਰੀਤ ਖਹਿਰਾ, ਫਾਰਮ ਸਲਾਹਕਾਰ ਸੇਵਾ ਕੇਂਦਰ, ਤਰਨ ਤਾਰਨ (ਮੋ. 88723-83400)

ਬਾਗ ਲਈ ਫਲ ਦੀ ਕਿਸਮ ਅਤੇ ਸਥਿਤੀ ਨਿਰਧਾਰਿਤ ਕਰਨ ਤੋਂ ਬਾਅਦ ਬੂਟੇ ਲਾਉਣ ਦਾ ਢੰਗ, ਸਿੰਚਾਈ ਢਾਂਚਾ, ਬੂਟਿਆਂ ਦੀ ਜ਼ਰੂਰਤ ਦੀ ਅਗਾਊਂ ਯੋਜਨਾਬੰਦੀ ਕਰਨੀ ਚਾਹੀਦੀ ਹੈ।

**ਬਾਗ ਲਗਾਉਣ ਦਾ ਢੰਗ** : ਨਵੇਂ ਬਾਗਾਂ ਨੂੰ ਵਰਗਾਕਾਰ, ਆਇਤਾਕਾਰ, ਛੇ ਕੋਨਾ ਢੰਗ, ਤਿਕੋਨੇ ਢੰਗ ਜਾਂ ਕੁਇਨਕਨਸ ਢੰਗ ਨਾਲ ਲਾਇਆ ਜਾ ਸਕਦਾ ਹੈ। ਪਰ ਮੁੱਖ ਤੌਰ ਤੇ ਨਿਮਨਲਿਖਿਤ ਤਰੀਕੇ ਹੀ ਵਰਤੇ ਜਾਂਦੇ ਹਨ।



1) **ਵਰਗਾਕਾਰ ਢੰਗ** : ਜ਼ਿਆਦਾਤਰ ਫਲਦਾਰ ਪੌਦੇ ਜਿਵੇਂ ਕਿ ਨਿੰਬੂ ਜਾਤੀ ਦੇ ਬੂਟੇ, ਅਮਰੂਦ, ਬੇਰ ਆਦਿ ਇਸ ਢੰਗ ਨਾਲ ਲਗਾਏ ਜਾਂਦੇ ਹਨ। ਇਸ ਢੰਗ ਵਿਚ ਬੂਟੇ ਤੋਂ ਬੂਟੇ ਅਤੇ ਕਤਾਰ ਤੋਂ ਕਤਾਰ ਵਿਚ ਇਕੋ ਜਿੰਨੀ ਵਿੱਥ ਹੁੰਦੀ ਹੈ। ਚਾਰ ਬੂਟਿਆਂ ਨੂੰ ਲਗਾ ਕੇ ਇਕ ਵਰਗ ਬਣਾਇਆ ਜਾਂਦਾ ਹੈ। ਬੂਟੇ $90^0$ ਦੇ ਕੋਣ ਉੱਤੇ ਲਗਾਏ ਜਾਂਦੇ ਹਨ। ਇਹ ਢੰਗ ਬਹੁਤ ਹੀ ਸੌਖਾ ਹੈ ਅਤੇ ਅਸੀਂ ਬਾਗ ਵਿਚ ਵਹਾਈ ਅਤੇ ਹੋਰ ਕੰਮ ਦੋ ਦਿਸ਼ਾਵਾਂ ਵਿਚ ਕਰ ਸਕਦੇ ਹਾਂ।

2) **ਆਇਤਾਕਾਰ ਢੰਗ** : ਸੰਘਣੀ ਪ੍ਰਣਾਲੀ ਨਾਲ ਲੱਗਣ ਵਾਲੇ ਬੂਟੇ ਜਿਵੇਂ ਕਿ ਨਿੰਬੂ ਜਾਤੀ ਦੇ ਬਾਗ, ਅਮਰੂਦ ਆਦਿ ਇਸ ਵਿਧੀ ਨਾਲ ਲਾਏ ਜਾ ਸਕਦੇ ਹਨ। ਇਹ ਵੀ ਬਹੁਤ ਵਧੀਆ ਢੰਗ ਹੈ। ਆਮ ਬੂਟਿਆਂ ਵਿਚ ਵਹਾਈ ਦੋ ਦਿਸ਼ਾਵਾਂ ਵਿਚ ਹੋ ਸਕਦੀ ਹੈ। ਇਸ ਵਿਚ ਬੂਟਿਆਂ ਅਤੇ ਕਤਾਰਾਂ ਵਿਚਕਾਰ ਫਾਸਲਾ ਇੱਕੋ ਜਿਹਾ ਨਹੀਂ ਹੁੰਦਾ। ਬੂਟੇ ਸਿੱਧੀਆਂ ਕਤਾਰਾਂ ਵਿਚ ਲਗਾਏ ਜਾਂਦੇ ਹਨ।

3) **ਛੇ ਕੋਨਾ ਢੰਗ** : ਇਸ ਢੰਗ ਨਾਲ ਇੱਕੋ ਜਿਹੀਆਂ ਲੰਬਾਈ ਦੀਆਂ ਭੁਜਾਵਾਂ ਵਾਲੀਆਂ ਤਿਕੋਨਾਂ ਦੇ ਸਿਰਿਆਂ ਤੇ ਬੂਟੇ ਲਗਾਏ ਜਾਂਦੇ ਹਨ। ਛੇ ਦਰੱਖਤਾਂ ਨੂੰ ਮਿਲਾ ਕੇ ਛੇ ਕੋਨਾ ਢੰਗ ਬਣਦਾ ਹੈ ਅਤੇ ਸੱਤਵਾਂ ਬੂਟਾ ਜਿਸ ਨੂੰ ਪੂਰਕ ਬੂਟਾ ਕਹਿੰਦੇ ਹਨ, ਇਸਦੇ ਬਿਲਕੁਲ ਵਿਚਕਾਰ ਲੱਗਦਾ ਹੈ। ਵੱਡੇ ਦਰੱਖਤਾਂ ਵਾਲੇ ਬਾਗ ਜਿਵੇਂ ਕਿ ਅੰਬ ਇਸ ਵਿਧੀ ਨਾਲ ਲਾਇਆ ਜਾ ਸਕਦਾ ਹੈ। ਘੱਟ ਸਮਾਂ ਲੈਣ ਵਾਲੇ ਫਲ ਜਿਵੇਂ ਕਿ ਪਪੀਤਾ, ਅਲੂਚਾ, ਆੜੂ, ਫਾਲਸਾ ਆਦਿ ਨੂੰ ਪੂਰਕ ਪੌਦਿਆਂ ਦੇ ਤੌਰ ਤੇ ਵਰਤਿਆ ਜਾ ਸਕਦਾ ਹੈ। ਜਦੋਂ ਮੁੱਖ ਬਾਗ ਫਲ ਦੇਣ ਲੱਗ ਪਏ ਤਾਂ ਇਹਨਾਂ ਨੂੰ ਪੁੱਟ ਦਿੱਤਾ ਜਾਂਦਾ ਹੈ।

**ਵੱਖ-ਵੱਖ ਤਰ੍ਹਾਂ ਦੇ ਸਦਾਬਹਾਰ ਫਲਦਾਰ ਬੂਟੇ ਲਾਉਣ ਦਾ ਸਮਾਂ ਅਤੇ ਤਰੀਕਾ**

ਸਦਾਬਹਾਰ ਫਲਦਾਰ ਪੌਦੇ ਲਾਉਣ ਲਈ ਫਰਵਰੀ-ਮਾਰਚ ਅਤੇ ਅਗਸਤ-ਅਕਤੂਬਰ ਦਾ ਸਮਾਂ ਸਭ ਤੋਂ ਢੁੱਕਵਾਂ ਸਮਾਂ ਹੁੰਦਾ ਹੈ। ਇਸ ਸਮੇਂ ਨਿੰਬੂ ਜਾਤੀ ਦੇ ਫਲਦਾਰ ਪੌਦੇ, ਅੰਬ, ਲੀਚੀ, ਅਮਰੂਦ, ਬੇਰ, ਜਾਮਣ ਆਦਿ ਦੇ ਪੌਦੇ ਲਾਏ ਜਾਂ ਸਕਦੇ ਹਨ। ਕਿੰਨੂ ਅਤੇ ਬੇਰ ਦੇ ਪੌਦੇ ਦਸੰਬਰ ਤੋਂ ਫਰਵਰੀ ਦੇ ਮਹੀਨਿਆਂ ਦੌਰਾਨ ਨੰਗੀਆਂ ਜੜ੍ਹਾਂ ਨਾਲ ਲਾਏ ਜਾ ਸਕਦੇ ਹਨ, ਪਰ ਉਹਨਾਂ ਦੇ ਤਿੰਨ-ਚੌਥਾਈ ਪੱਤੇ ਝਾੜ ਦੇਣੇ ਚਾਹੀਦੇ ਹਨ ਅਤੇ ਜੜ੍ਹਾਂ ਨੂੰ ਸਿੱਲੇ ਕੱਪੜੇ ਜਾਂ ਬੋਰੀਆਂ ਆਦਿ ਨਾਲ ਢੱਕ ਦੇ ਰੱਖਣਾ ਚਾਹੀਦਾ ਹੈ।

**ਟੋਆ ਪੁੱਟਣਾ ਅਤੇ ਭਰਨਾ** : ਬਾਗ ਵਿਚ ਪੌਦੇ ਲਗਾਉਣ ਤੋਂ ਪਹਿਲਾਂ ਨਿਰਧਾਰਤ ਫਾਸਲੇ ਅਨੁਸਾਰ ਵਿਉਂਤਬੰਦੀ ਕਰਕੇ ਨਿਸ਼ਾਨਦੇਹੀ ਕੀਤੀ ਜਾਂਦੀ ਹੈ ਅਤੇ ਇਸ ਤਰ੍ਹਾਂ ਸੁਚੱਜੇ ਤਰੀਕੇ ਨਾਲ ਕੀਤੀ ਨਿਸ਼ਾਨਦੇਹੀ ਅਨੁਸਾਰ ਹੀ ਟੋਏ ਪੁੱਟੇ ਜਾਂਦੇ ਹਨ। ਟੋਏ ਕਹੀ ਜਾਂ ਟੋਏ ਪੁੱਟਣ ਵਾਲੀ ਮਸ਼ੀਨ ਨਾਲ ਪੁੱਟ ਜਾ ਸਕਦੇ ਟੋਏ ਦੀ ਡੂੰਘਾਈ ਘੱਟ ਘੱਟ ਇਕ ਮੀਟਰ ਹੋਣੀ ਚਾਹੀਦੀ ਹੈ ਅਤੇ ਉਸਦਾ ਅਕਾਰ ਵੀ 1×1 ਮੀਟਰ ਦਾ ਹੋਣਾ ਚਾਹੀਦੀ ਹੈ। ਟੋਆ ਪੁੱਟਣ ਸਮੇਂ ਉਪਰਲੀ ਇਕ ਫੁੱਟ ਤਹਿ ਵਾਲੀ ਮਿੱਟੀ ਇੱਕ ਪਾਸੇ ਰੱਖ ਕੇ ਬਾਕੀ ਹੇਠਲੀ (2 ਫੁੱਟ) ਮਿੱਟੀ ਪਾਸੇ ਖਲਾਰ ਦਿਉ ਅਤੇ ਉਪਰਲੀ ਮਿੱਟੀ ਵਿਚ ਚੰਗੀ ਤਰ੍ਹਾਂ ਗਲੀ-ਸੜੀ ਰੂੜੀ ਦੀ ਖਾਦ ਮਿਲਾ ਕੇ ਟੋਆ ਭਰ ਦਿਉ। ਟੋਆ ਜ਼ਮੀਨ ਦੀ ਸਤਹਿ ਤੋਂ 4-5 ਸੈਂਟੀਮੀਟਰ ਉੱਪਰ ਤੱਕ ਭਰ ਦਿਓ ਤਾਂ ਕਿ ਪਾਣੀ ਲੱਗਣ ਤੋਂ ਬਾਅਦ ਟੋਏ ਵਿਚਲੀ ਮਿੱਟੀ ਬੈਠ ਕੇ ਜ਼ਮੀਨ ਦੀ ਸਤਹਿ ਤੱਕ ਆ ਜਾਵੇ।

ਬੂਟੇ ਲਾਉਣ ਤੋਂ 7-10 ਦਿਨ ਪਹਿਲਾਂ ਪੂਰੀ ਜ਼ਮੀਨ ਨੂੰ ਪਾਣੀ ਜ਼ਰੂਰ ਦੇਣਾ ਚਾਹੀਦਾ ਹੈ। ਟੋਆ ਭਰਨ ਸਮੇਂ ਇਸ ਵਿਚ 10-15 ਮਿ: ਲੀ: ਕਲੋਰੋਪਾਈਰੀਫਾਸ 20 ਈਸੀ. ਦਵਾਈ 2 ਕਿਲੋ ਮਿੱਟੀ ਵਿਚ ਰਲਾ ਕੇ ਟੋਏ ਵਿਚ ਪਾ ਦਿਓ ਤਾਂ ਕਿ ਭੂਰੀਆਂ ਕੀੜੀਆਂ ਜਾਂ ਸਿਉਂਕ ਆਦਿ ਤੋਂ ਬਚਾਅ ਕੀਤਾ ਜਾ ਸਕੇ।

ਬਾਗ ਵਿਚ ਪੌਦੇ ਭਰੇ ਹੋਏ ਟੋਇਆਂ ਦੇ ਬਿਲਕੁਲ ਵਿਚਕਾਰ ਲਾਉਣੇ ਚਾਹੀਦੇ ਹਨ। ਇਸ ਕੰਮ ਲਈ ਪੌਦੇ ਲਾਉਣ ਵਾਲੇ ਫੱਟੇ ਦੀ ਸਹਾਇਤਾ ਲਈ ਜਾ ਸਕਦੀ ਹੈ। ਸਾਰੇ ਪੌਦੇ ਇਕਸਾਰ ਅਤੇ ਸੇਧ ਵਿਚ ਹੋਣੇ ਚਾਹੀਦੇ ਹਨ। ਪੌਦੇ ਲਾਉਣ ਤੋਂ ਬਾਅਦ ਹਲਕਾ ਪਾਣੀ ਦੇ ਦਿਉ ਅਤੇ ਜੇਕਰ ਜ਼ਰੂਰਤ ਹੋਵੇ ਤਾਂ ਪੌਦਿਆਂ ਨੂੰ ਸਿੱਧਾ ਰੱਖਣ ਲਈ ਸੋਟੀ ਆਦਿ ਦਾ ਸਹਾਰਾ ਵੀ ਦੇ ਦਿਓ। ਛੋਟੇ ਪੌਦਿਆਂ ਨੂੰ ਜ਼ਿਆਦਾ ਗਰਮੀ ਅਤੇ ਸਰਦੀ ਤੋਂ ਬਚਾਉਣ ਲਈ ਉਪਰਾਲੇ ਜ਼ਰੂਰ ਕਰਨੇ ਚਾਹੀਦੇ ਹਨ ਤਾਂ ਕਿ ਪੌਦਿਆਂ ਦੀ ਮਰਨ ਦਰ ਘੱਟ ਸਕੇ ਅਤੇ ਪੌਦਿਆਂ ਦਾ ਵਾਧਾ ਛੇਤੀ ਹੋਵੇ। ਛੋਟੇ ਪੌਦਿਆਂ ਦਾ ਲਗਾਤਾਰ ਨਿਰੀਖਣ ਕਰਦੇ ਰਹੋ ਅਤੇ ਅਣਚਾਹੀਆਂ, ਟੁੱਟੀਆਂ ਟਹਿਣੀਆਂ ਆਦਿ ਕੱਟਦੇ ਰਹੋ। ਸਿਉਂਕ ਜਾਂ ਕੀੜੀਆਂ ਤੋਂ ਬਚਾਅ ਕਰਨ ਲਈ 500 ਮਿਲੀਲਿਟਰ ਕਲੋਰੋਪਾਇਰੀਫਾਸ ਪ੍ਰਤੀ ਏਕੜ ਦੇ ਹਿਸਾਬ ਨਾਲ ਪਾਉ ਅਤੇ ਤੁਰੰਤ ਹਲਕਾ ਪਾਣੀ ਦਿਓ। ਸੁੱਕ ਚੁੱਕੇ ਜਾਂ ਮਰ ਗਏ ਪੌਦਿਆਂ ਨੂੰ ਲਗਾਤਾਰ ਪੂਰਦੇ ਰਹੋ ਤਾਂ ਕਿ ਬਾਗ ਇਕਸਾਰ ਬਣਿਆ ਰਹੇ।

**ਵੱਖ-ਵੱਖ ਤਰ੍ਹਾਂ ਦੇ ਫਲਦਾਰ ਪੌਦਿਆਂ ਵਿਚ ਸਿਫਾਰਸ਼ ਕੀਤਾ ਜਾਂਦਾ ਫਾਸਲਾ**

| ਫਲ ਦਾ ਨਾਮ | ਫਾਸਲਾ | ਪੌਦਿਆਂ ਦੀ ਗਿਣਤੀ | |
|---|---|---|---|
| | ਫੁੱਟਾਂ ਵਿਚ | ਮੀਟਰਾਂ ਵਿਚ | ਪ੍ਰਤੀ ਏਕੜ |
| ਨਿੰਬੂ ਜਾਤੀ ਦੇ ਫਲ (ਆਮ ਢੰਗ) | 20×20 | 6.0×6.0 | 110 |
| ਕਿੰਨੂ (ਸੰਘਣੀ ਪ੍ਰਣਾਲੀ) | 20×10 | 6.0×3.0 | 220 |
| ਅੰਬ | 30×30 | 9.0×9.0 | 49 |
| ਅਮਰੂਦ | 20×17 | 6.0×5.0 | 132 |
| ਅਨਾਰ (ਕੰਧਾਰੀ) | 13×13 | 4.0×4.0 | 240 |
| ਅਨਾਜ (ਗਣੇਸ਼ ਤੇ ਭਗਵਾ) | 10×10 | 3.0×3.0 | 440 |
| ਬੇਰ ਅਤੇ ਲੀਚੀ | 25×25 | 7.5×7.5 | 72 |
| ਪਪੀਤਾ | 05×05 | 1.5×1.5 | 1760 |

**ਨੋਟ** : ਇਹ ਜ਼ਰੂਰੀ ਹੈ ਕਿ ਬਾਗ ਲਈ ਪੌਦੇ ਖ੍ਰੀਦਣ ਸਮੇਂ 10 ਪ੍ਰਤੀਸ਼ਤ ਵਧੇਰੇ ਪੌਦੇ ਖਰੀਦੇ ਜਾਣ ਤਾਂ ਕਿ ਇਹਨਾਂ ਨਾਲ ਬਾਗ ਵਿਚ ਜਾਂ ਆਵਾਜਾਈ ਸਮੇਂ ਮਰ ਗਏ ਪੌਦਿਆਂ ਦੀ ਪੂਰਤੀ ਕੀਤੀ ਜਾ ਸਕੇ।

# ਖਤਰਾ ਬਣਦਾ ਵਧਦਾ ਤਾਪਮਾਨ

## ਜੇਕਰ ਗਰਮੀ ਇਸੇ ਤਰ੍ਹਾਂ ਹੀ ਵੱਧਦੀ ਰਹੀ ਤਾਂ ਯਕੀਨਨ ਲੂ ਦੇ ਦਿਨ ਵੀ ਵਧਣਗੇ

ਪੰਕਜ ਚਤੁਰਵੇਦੀ

**ਕੌਮਾਂਤਰੀ ਮੌਸਮ ਸੰਸਥਾ ਕੋਪਰਨਿਕਸ ਕਲਾਈਮੇਟ ਚੇਜ ਸਰਵਿਸ ਮੁਤਾਬਿਕ ਇਸ ਸਾਲ ਜਨਵਰੀ ਵਿਚ ਵਿਸ਼ਵ ਦਾ ਔਸਤ ਤਾਪਮਾਨ 13.23 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ ਜੋ ਬੀਤੇ ਸਾਲ ਦੀ ਸਭ ਤੋਂ ਗਰਮ ਜਨਵਰੀ ਤੋਂ 0.09 ਡਿਗਰੀ ਵੱਧ ਸੀ। ਅਜਿਹਾ ਉਦੋਂ ਹੋਇਆ ਜਦ ਪ੍ਰਸ਼ਾਂਤ ਮਹਾਸਾਗਰ ਵਿਚ ਲਾ ਨੀਨਾ ਦਾ ਅਸਰ ਵਿਅਕਤ ਹੋਇਆ ਸੀ। ਦੱਖਣੀ ਅਮਰੀਕਾ ਤੋਂ ਭਾਰਤ ਤੱਕ ਦੇ ਮੌਸਮ ਵਿਚ ਬਦਲਾਅ ਦੇ ਸਭ ਤੋਂ ਵੱਡੇ ਕਾਰਨ ਅਲਨੀਨੋ ਅਤੇ ਲਾ ਨੀਨਾ ਪ੍ਰਭਾਵ ਹੀ ਹੁੰਦੇ ਹਨ। ਅਲਨੀਨੋ ਦਾ ਸਬੰਧ ਭਾਰਤ ਅਤੇ ਆਸਟ੍ਰੇਲੀਆ ਵਿਚ ਗਰਮੀ ਅਤੇ ਸੋਕੇ ਨਾਲ ਹੈ, ਉਥੇ ਹੀ ਲਾ ਨੀਨਾ ਚੰਗੇ ਮਾਨਸੂਨ ਦਾ ਵਾਹਕ ਹੈ। ਇਨ੍ਹਾਂ ਦੋਵਾਂ ਘਟਨਾਵਾਂ ਦਾ ਸਬੰਧ ਦੂਰ-ਦੁਰਾਡੇ ਸਥਿਤ ਪੇਰੂ ਦੇ ਤੱਟ (ਪੂਰਬੀ ਪ੍ਰਸ਼ਾਂਤ) ਅਤੇ ਆਸਟ੍ਰੇਲੀਆ ਦੇ ਪੂਰਬੀ ਤੱਟ (ਪੱਛਮੀ ਪ੍ਰਸ਼ਾਂਤ) ਨਾਲ ਹੈ। ਹਵਾ ਦੀ ਗਤੀ ਇਨ੍ਹਾਂ ਪ੍ਰਭਾਵਾਂ ਨੂੰ ਦੂਰ ਤੱਕ ਲੈ ਕੇ ਜਾਂਦੀ ਹੈ।**

ਇਸ ਸਾਲ ਫਰਵਰੀ ਦੇ ਪਹਿਲੇ ਹੀ ਹਫਤੇ ਮੈਦਾਨੀ ਸੂਬਿਆਂ ਵਿਚ ਗਰਮੀ ਨੇ ਤੇਵਰ ਦਿਖਾਉਣੇ ਸ਼ੁਰੂ ਕਰ ਦਿੱਤੇ ਸਨ। ਧਿਆਨ ਰਹੇ ਬੀਤਿਆ ਸਾਲ ਭਾਰਤ ਲਈ ਬੇਹੱਦ ਗਰਮ ਰਿਹਾ ਸੀ ਜਿਸ ਵਿਚ ਹਰ ਮਹੀਨੇ ਔਸਤਨ ਘੱਟੋ-ਘੱਟ ਤਾਪਮਾਨ ਆਮ ਨਾਲੋਂ ਵੱਧ ਦਰਜ ਕੀਤਾ ਗਿਆ ਸੀ। ਇਸ ਸਾਲ ਜਿਨ੍ਹਾਂ ਦਿਨਾਂ ਵਿਚ ਬਸੰਤ ਦੀ ਮਧੁਰਤਾ ਦਾ ਅਹਿਸਾਸ ਹੋਣਾ ਚਾਹੀਦਾ ਸੀ, ਉਨ੍ਹਾਂ ਦਿਨਾਂ ਵਿਚ ਮੱਧ ਪ੍ਰਦੇਸ਼, ਛੱਤੀਸਗੜ੍ਹ, ਉੱਤਰ ਪ੍ਰਦੇਸ਼ ਆਦਿ ਵਿਚ ਪਾਰਾ ਵਧ ਗਿਆ ਅਤੇ ਮਹਾਰਾਸ਼ਟਰ ਦੇ ਵਿਦਰਭ, ਤੇਲੰਗਾਨਾ, ਤੱਟੀ ਆਂਧਰ ਪ੍ਰਦੇਸ਼, ਓਡੀਸ਼ਾ, ਕੇਰਲ ਅਤੇ ਦਮਨ-ਦੀਵ ਦੇ ਕੁਝ ਹਿੱਸਿਆਂ ਵਿਚ ਵੱਧ ਤੋਂ ਵੱਧ ਤਾਪਮਾਨ 35-38 ਡਿਗਰੀ ਵਿਚਾਲੇ ਦਰਜ ਕੀਤਾ ਜਾ ਰਿਹਾ ਹੈ। ਦਿੱਲੀ ਅਤੇ ਉਸ ਦੇ ਆਲੇ-ਦੁਆਲੇ ਦਾ ਤਾਪਮਾਨ 28 ਡਿਗਰੀ ਤੋਂ ਪਾਰ ਹੋਣਾ ਆਮ ਵਰਤਾਰਾ ਨਹੀਂ ਹੈ। ਕੁਝ ਸਾਲਾਂ ਵਿਚ ਜਦ ਗਰਮੀ ਅਚਾਨਕ ਵਧਦੀ ਸੀ ਤਾਂ ਮੰਨ ਲਿਆ ਜਾਂਦਾ ਸੀ ਕਿ ਇਹ ਅਲਨੀਨੋ ਜਾਂ ਲਾ ਨੀਨਾ ਦਾ ਅਸਰ ਹੈ ਪਰ ਇਸ ਵਾਰ ਤਾਂ ਲਾ ਨੀਨਾ ਬੇਅਸਰ ਰਿਹਾ। ਸਪਸ਼ਟ ਹੈ ਕਿ ਮੌਸਮ ਦਾ ਬਦਲਦਾ ਮਿਜ਼ਾਜ ਜਲਵਾਯੂ ਪਰਿਵਰਤਨ ਦੀ ਮਜ਼ਬੂਤ ਹੁੰਦੀ ਪਕੜ ਵੱਲ ਇਸ਼ਾਰਾ ਕਰ ਰਿਹਾ ਹੈ। ਕੌਮਾਂਤਰੀ ਮੌਸਮ ਸੰਸਥਾ ਕੋਪਰਨਿਕਸ ਕਲਾਈਮੇਟ ਚੇਜ ਸਰਵਿਸ ਮੁਤਾਬਿਕ ਇਸ ਸਾਲ ਜਨਵਰੀ ਵਿਚ ਵਿਸ਼ਵ ਦਾ ਔਸਤ ਤਾਪਮਾਨ 13.23 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ ਜੋ ਬੀਤੇ ਸਾਲ ਦੀ ਸਭ ਤੋਂ ਗਰਮ ਜਨਵਰੀ ਤੋਂ 0.09 ਡਿਗਰੀ ਵੱਧ ਸੀ। ਅਜਿਹਾ ਉਦੋਂ ਹੋਇਆ ਜਦ ਪ੍ਰਸ਼ਾਂਤ ਮਹਾਸਾਗਰ ਵਿਚ ਲਾ ਨੀਨਾ ਦਾ ਅਸਰ ਵਿਅਕਤ ਹੋਇਆ ਸੀ। ਦੱਖਣੀ ਅਮਰੀਕਾ ਤੋਂ ਭਾਰਤ ਤੱਕ ਦੇ ਮੌਸਮ ਵਿਚ ਬਦਲਾਅ ਦੇ ਸਭ ਤੋਂ ਵੱਡੇ ਕਾਰਨ ਅਲਨੀਨੋ ਅਤੇ ਲਾ ਨੀਨਾ ਪ੍ਰਭਾਵ ਹੀ ਹੁੰਦੇ ਹਨ। ਅਲਨੀਨੋ ਦਾ ਸਬੰਧ ਭਾਰਤ ਅਤੇ ਆਸਟ੍ਰੇਲੀਆ ਵਿਚ ਗਰਮੀ ਅਤੇ ਸੋਕੇ ਨਾਲ ਹੈ, ਉਥੇ ਹੀ ਲਾ ਨੀਨਾ ਚੰਗੇ ਮਾਨਸੂਨ ਦਾ ਵਾਹਕ ਹੈ। ਇਨ੍ਹਾਂ ਦੋਵਾਂ ਘਟਨਾਵਾਂ ਦਾ ਸਬੰਧ ਦੂਰ-ਦੁਰਾਡੇ ਸਥਿਤ ਪੇਰੂ ਦੇ ਤੱਟ (ਪੂਰਬੀ ਪ੍ਰਸ਼ਾਂਤ) ਅਤੇ ਆਸਟ੍ਰੇਲੀਆ ਦੇ ਪੂਰਬੀ ਤੱਟ (ਪੱਛਮੀ ਪ੍ਰਸ਼ਾਂਤ) ਨਾਲ ਹੈ। ਹਵਾ ਦੀ ਗਤੀ ਇਨ੍ਹਾਂ ਪ੍ਰਭਾਵਾਂ ਨੂੰ ਦੂਰ ਤੱਕ ਲੈ ਕੇ ਜਾਂਦੀ ਹੈ। ਇੱਥੇ ਜਾਣਨਾ ਜ਼ਰੂਰੀ ਹੈ ਕਿ ਭੂ-ਮੱਧ ਰੇਖਾ 'ਤੇ ਸਮੁੰਦਰ 'ਤੇ ਸੂਰਜ ਦੀਆਂ ਕਿਰਨਾਂ ਸਿੱਧੀਆਂ ਪੈਂਦੀਆਂ ਹਨ। ਇਸ ਇਲਾਕੇ ਵਿਚ ਪੂਰੇ 12 ਘੰਟੇ ਬੇਰੋਕ-ਟੋਕ ਸੂਰਜ ਦੇ ਦਰਸ਼ਨ ਹੁੰਦੇ ਹਨ ਜਿਸ ਕਾਰਨ ਸੂਰਜ ਦੀ ਤਪਸ਼ ਜ਼ਿਆਦਾ ਸਮੇਂ ਤੱਕ ਇੱਥੋਂ ਦੀ ਧਰਤੀ ਦੀ ਸਤ੍ਹਾ 'ਤੇ ਰਹਿੰਦੀ ਹੈ। ਤਦ ਹੀ ਭੂ-ਮੱਧ ਖੇਤਰ ਜਾਂ ਮੱਧ ਪ੍ਰਸ਼ਾਂਤ ਇਲਾਕੇ ਵਿਚ ਜ਼ਿਆਦਾ ਗਰਮੀ ਪੈਂਦੀ ਹੈ। ਇਸ ਨਾਲ ਸਮੁੰਦਰ ਦੀ ਸਤ੍ਹਾ ਦਾ ਤਾਪਮਾਨ ਪ੍ਰਭਾਵਿਤ ਰਹਿੰਦਾ ਹੈ। ਆਮ ਤੌਰ 'ਤੇ ਆਮ ਹਾਲਾਤ ਵਿਚ ਭੂ-ਮੱਧ ਦੀਆਂ ਹਵਾਵਾਂ ਪੂਰਬ ਤੋਂ ਪੱਛਮ ਵੱਲ ਵਗਦੀਆਂ ਹਨ ਅਤੇ ਗਰਮ ਹੋ ਚੁੱਕੇ ਸਮੁੰਦਰੀ ਪਾਣੀ ਨੂੰ ਆਸਟ੍ਰੇਲੀਆ ਦੇ ਪੂਰਬੀ ਸਮੁੰਦਰੀ ਤਟ ਵੱਲ ਵਹਾਅ ਕੇ ਲੈ ਜਾਂਦੀਆਂ ਹਨ। ਗਰਮ ਪਾਣੀ ਕਾਰਨ ਭਾਫ ਬਣਦੀ ਹੈ ਅਤੇ ਉਸ ਤੋਂ ਬੱਦਲ ਬਣਦੇ ਹਨ। ਨਤੀਜੇ ਵਜੋਂ ਪੂਰਬੀ ਤੱਟ ਦੇ ਆਲੇ-ਦੁਆਲੇ ਚੰਗੀ ਬਾਰਿਸ਼ ਹੁੰਦੀ ਹੈ, ਨਮੀਂ ਨਾਲ ਲੱਦੀਆਂ ਗਰਮ ਹਵਾਵਾਂ ਜਦ ਉੱਪਰ ਉੱਠਦੀਆਂ ਹਨ ਤਾਂ ਉਨ੍ਹਾਂ ਦੀ ਨਮੀਂ ਨਿਕਲ ਜਾਂਦੀ ਹੈ ਅਤੇ ਉਹ ਠੰਢੀਆਂ ਹੋ ਜਾਂਦੀਆਂ ਹਨ।



ਤਦ ਪੱਛਮ ਤੋਂ ਪੂਰਬ ਵੱਲ ਚੱਲਣ ਵਾਲੀਆਂ ਠੰਢੀਆਂ ਹਵਾਵਾਂ ਪੇਰੂ ਦੇਸਮੁੰਦਰੀ ਤੱਟ ਅਤੇ ਉਸ ਦੇ ਆਸਪਾਸ ਹੇਠਾਂ ਵੱਲ ਆਉਂਦੀਆਂ ਹਨ। ਤਦੇ ਆਸਟ੍ਰੇਲੀਆ ਦੇ ਸਮੁੰਦਰ ਤੋਂ ਉੱਪਰ ਉੱਠਦੀਆਂ ਗਰਮ ਹਵਾਵਾਂ ਇਸ ਨਾਲ ਟਕਰਾਉਂਦੀਆਂ ਹਨ। ਇਸ ਤੋਂ ਬਣੇ ਚੱਕਰਵਾਤ ਨੂੰ 'ਵਾਕਰ ਚੱਕਰਵਾਤ' ਕਹਿੰਦੇ ਹਨ। ਅਲ ਨੀਨੋ ਹਾਲਾਤ ਵਿਚ ਪੱਛਮੀ ਹਵਾਵਾਂ ਕਮਜ਼ੋਰ ਪੈ ਜਾਂਦੀਆਂ ਹਨ ਅਤੇ ਸਮੁੰਦਰ ਦਾ ਗਰਮ ਪਾਣੀ ਪਰਤ ਕੇ ਪੇਰੂ ਦੇ ਤੱਟਾਂ 'ਤੇ ਇਕੱਠਾ ਹੋ ਜਾਂਦਾ ਹੈ। ਇਸ ਤਰ੍ਹਾਂ ਸਮੁੰਦਰ ਦੇ ਪਾਣੀ ਦਾ ਪੱਧਰ 90 ਸੈਂਟੀਮੀਟਰ ਤੱਕ ਉੱਚਾ ਹੋ ਜਾਂਦਾ ਹੈ। ਇਸ ਦੇ ਨਤੀਜੇ ਵਜੋਂ ਵਾਸ਼ਪੀਕਰਨ ਹੁੰਦਾ ਹੈ ਅਤੇ ਬਰਸਾਤ ਵਾਲੇ ਬੱਦਲਾਂ ਦੀ ਸਿਰਜਣਾ ਹੁੰਦੀ ਹੈ। ਇਸ ਨਾਲ ਪੇਰੂ ਵਿਚ ਤਾਂ ਭਾਰੀ ਬਰਸਾਤ ਹੁੰਦੀ ਹੈ ਪਰ ਮੌਨਸੂਨੀ ਹਵਾਵਾਂ 'ਤੇ ਇਸ ਦੇ ਉਲਟ ਅਸਰ ਕਾਰਨ ਆਸਟ੍ਰੇਲੀਆ ਤੋਂ ਭਾਰਤ ਤੱਕ ਸੋਕੇ ਵਾਲੀ ਸਥਿਤੀ ਬਣ ਜਾਂਦੀ ਹੈ। ਲਾ ਨੀਨਾ ਦੇ ਅਸਰ ਦੌਰਾਨ ਭੂ-ਮੱਧ ਖੇਤਰ ਵਿਚ ਆਮ ਤੌਰ 'ਤੇ ਪੂਰਬ ਤੋਂ ਪੱਛਮ ਵੱਲ ਚੱਲਣ ਵਾਲੀਆਂ ਝੱਖੜ ਨੁਮਾ ਹਵਾਵਾਂ ਪੇਰੂ ਦੇ ਸਮੁੰਦਰੀ ਤੱਟ ਦੇ ਗਰਮ ਪਾਣੀ ਨੂੰ ਆਸਟ੍ਰੇਲੀਆ ਵੱਲ ਧੱਕ ਦਿੰਦੀਆਂ ਹਨ। ਇਸ ਕਾਰਨ ਪੇਰੂ ਦੇ ਸਮੁੰਦਰੀ ਤੱਟ 'ਤੇ ਪਾਣੀ ਦਾ ਪੱਧਰ ਬਹੁਤ ਹੇਠਾਂ ਆ ਜਾਂਦਾ ਹੈ ਜਿਸ ਨਾਲ ਸਮੁੰਦਰ ਦੀ ਡੂੰਘਾਈ ਦਾ ਠੰਢਾ ਪਾਣੀ ਥੋੜ੍ਹੇ ਜਿਹੇ ਗਰਮ ਪਾਣੀ ਨੂੰ ਮੁੜ ਠੰਢਾ ਕਰ ਦਿੰਦਾ ਹੈ। ਇਨ੍ਹਾਂ ਦਿਨਾਂ ਦੌਰਾਨ ਲਾ ਨੀਨਾ ਸਰਗਰਮ ਹੈ ਪਰ ਹੈਰਾਨੀਜਨਕ ਤਰੀਕੇ ਨਾਲ ਨਾ ਤਾਂ ਭਾਰਤ ਵਿਚ ਬਾਰਿਸ਼ ਹੋ ਰਹੀ ਹੈ ਅਤੇ ਨਾ ਹੀ ਪਹਾੜਾਂ 'ਤੇ ਢੁੱਕਵੀਂ ਬਰਫਬਾਰੀ। ਉਲਟਾ ਤਾਪਮਾਨ ਤੇਜ਼ੀ ਨਾਲ ਵਧ ਰਿਹਾ ਹੈ। ਮੌਸਮ ਦੀ ਗਰਮੀ ਇੰਜ ਹੀ ਵਧਦੀ ਰਹੀ ਤਾਂ ਸਭ ਤੋਂ ਵੱਡਾ ਨੁਕਸਾਨ ਖੇਤੀ-ਕਿਸਾਨਾਂ ਦਾ ਹੋਵੇਗਾ। ਕਣਕ ਦੇ ਦਾਣੇ ਕਮਜ਼ੋਰ ਹੋਣਗੇ ਅਤੇ ਛੋਲਿਆਂ-ਸਰ੍ਹੋਂ ਦੀਆਂ ਫਸਲਾਂ ਵੀ ਸਮੇਂ ਤੋਂ ਪਹਿਲਾਂ ਪੱਕ ਜਾਣਗੀਆਂ। ਸੇਬ ਅਤੇ ਲੀਚੀ ਦੇ ਰੁੱਖਾਂ 'ਤੇ ਫੁਲਾਂ ਦੇ ਪੁੰਗਰਨ ਦਾ ਸਮਾਂ ਘੱਟ ਰਹੇਗਾ ਜਿਸ ਕਾਰਨ ਫਲ ਬਣਨ ਅਤੇ ਪੱਕਣ ਦੀ ਪ੍ਰਕਿਰਿਆ ਪ੍ਰਭਾਵਿਤ ਹੋਵੇਗੀ। ਜੇ ਤਾਪਮਾਨ ਇਕ ਡਿਗਰੀ ਸੈਲਸੀਅਸ ਵਧਦਾ ਹੈ ਤਾਂ ਇਹ ਸਾਉਣੀ ਮੌਸਮ ਦੌਰਾਨ ਕਿਸਾਨਾਂ ਦੀ ਆਮਦਨ 6.2 ਪ੍ਰਤੀਸ਼ਤ ਤੱਕ ਘਟਾ ਦਿੰਦਾ ਹੈ ਅਤੇ ਬਰਾਨੀ ਇਲਾਕਿਆਂ ਵਿਚ ਹਾੜੀ ਮੌਸਮ ਦੌਰਾਨ ਕਿਸਾਨਾਂ ਦੀ ਆਮਦਨ ਛੇ ਪ੍ਰਤੀਸ਼ਤ ਤੱਕ ਘੱਟ ਕਰ ਦਿੰਦਾ ਹੈ। ਇਸੇ ਤਰ੍ਹਾਂ ਬਾਰਿਸ਼ ਵਿਚ ਔਸਤਨ 100 ਮਿਲੀਮੀਟਰ ਦੀ ਕਮੀ ਹੋਣ 'ਤੇ ਸਾਉਣੀ ਫਸਲਾਂ ਦੇ ਮੌਸਮ ਵਿਚ ਕਿਸਾਨਾਂ ਦੀ ਆਮਦਨ ਵਿਚ 15 ਪ੍ਰਤੀਸ਼ਤ ਤੇ ਹਾੜ੍ਹੀ ਦੇ ਮੌਸਮ ਵਿਚ ਉਨ੍ਹਾਂ ਦੀ ਆਮਦਨ 'ਚ ਸੱਤ ਫੀਸਦੀ ਦੀ ਗਿਰਾਵਟ ਆਉਂਦੀ ਹੈ। ਹੁਣ ਇਹ ਖਤਰਾ ਸਿਰ 'ਤੇ ਹੈ। ਮੱਛਰ ਵਰਗੇ ਪਰਜੀਵੀ ਵਧਦੇ ਤਾਪਮਾਨ ਤੋਂ ਪੈਦਾ ਹੋ ਰਹੇ ਹਨ।

ਰਵਾਇਤੀ ਦਵਾਈਆਂ ਉਨ੍ਹਾਂ 'ਤੇ ਬੇਅਸਰ ਸਾਬਿਤ ਹੋ ਰਹੀਆਂ ਹਨ। ਧਰਤੀ 'ਤੇ ਨਮੀਂ ਘੱਟ ਹੋਣ ਕਾਰਨ ਗਰਮੀ ਵਧਦੇ ਹੀ ਜੰਗਲਾਂ ਵਿਚ ਅੱਗ ਲੱਗਣ ਦਾ ਖਤਰਾ ਵੀ ਵੱਧ ਜਾਂਦਾ ਹੈ। ਜੇ ਗਰਮੀ ਇਵੇਂ ਵੀ ਵਧਦੀ ਰਹੀ ਤਾਂ ਲੂ ਦੇ ਦਿਨ ਵੀ ਵਧਣਗੇ, ਜੋ ਦੇਸ਼ ਦੀ ਵੱਡੀ ਆਬਾਦੀ ਦੀ ਸਿਹਤ ਅਤੇ ਆਰਥਿਕ ਹਾਲਾਤ 'ਤੇ ਅਸਰ ਪਾਉਣਗੇ। ਅਜਿਹੇ ਵਿਚ ਸਰਕਾਰ ਨੂੰ ਆਪਣੀਆਂ ਨੀਤੀਆਂ ਗਰਮ ਹੁੰਦੇ ਮੌਸਮ ਦੇ ਅਨੁਸਾਰ ਬਣਾਉਣ ਦੀ ਜ਼ਰੂਰਤ ਹੈ। ਸਭ ਤੋਂ ਪਹਿਲਾਂ ਗਰੀਨ ਹਾਊਸ ਗੈਸਾਂ ਘੱਟ ਕਰਨ ਦੇ ਤਰੀਕਿਆਂ ਨੂੰ ਸਖਤੀ ਨਾਲ ਲਾਗੂ ਕੀਤਾ ਜਾਣਾ ਚਾਹੀਦਾ ਹੈ। ਫਿਰ ਊਰਜਾ ਤੇ ਪਾਣੀ ਦੀ ਬੱਚਤ ਤਰਜੀਹੀ ਆਧਾਰ 'ਤੇ ਹੋਣੀ ਚਾਹੀਦੀ ਹੈ। ਅੰਤ ਵਿਚ ਇਸ ਤੋਂ ਪ੍ਰਭਾਵਿਤ ਹੋਣ ਵਾਲੇ ਮਿਹਨਤਕਸ਼ ਲੋਕਾਂ ਨੂੰ ਰਾਹਤ ਤੇ ਬਦਲਵੀਂ ਰੋਜ਼ੀ-ਰੋਟੀ ਦੇ ਸਾਧਨਾਂ ਦਾ ਜੁਗਾੜ ਕਰਨ ਲਈ ਕਾਰਜਯੋਜਨਾ ਪਿੰਡ ਪੱਧਰ 'ਤੇ ਬਣਾਈ ਜਾਣੀ ਚਾਹੀਦੀ ਹੈ।

(ਵਾਤਾਵਰਨ ਮਾਮਲਿਆਂ ਦੇ ਜਾਣਕਾਰ)

# ਪੇਂਡੂ ਅਰਥਚਾਰਾ ਅਤੇ ਵਿਕਾਸ ਦੀ ਵੰਗਾਰ

ਭਾਰਤ ਦੀ ਆਬਾਦੀ ਦਾ ਬਹੁਤਾ ਹਿੱਸਾ ਖੇਤੀਬਾੜੀ ਦੇ ਕੰਮਕਾਜ ਵਿੱਚ ਲੱਗਿਆ ਹੋਇਆ ਹੈ ਅਤੇ ਇਹ ਜੀ ਡੀ ਪੀ ਵਿੱਚ 10 ਫੀਸਦੀ ਯੋਗਦਾਨ ਪਾ ਰਿਹਾ ਹੈ। ਦੇਸ਼ ਅੰਦਰ ਬਹੁਗਿਣਤੀ ਛੋਟੇ ਕਿਸਾਨਾਂ ਦੀ ਹੈ ਜੋ ਪੇਂਡੂ ਅਰਥਚਾਰੇ ਵਿੱਚ ਰੀੜ੍ਹ ਦੀ ਹੱਡੀ ਵਜੋਂ ਕੰਮ ਕਰਦੇ ਹਨ ਪਰ ਅਜਿਹੇ ਅਰਥਚਾਰੇ ਦੇ ਦਰਦਾਂ ਅੰਦਰ ਕਿਸੇ ਸਰਕਾਰ ਨੇ ਝਾਕਣ ਦੀ ਕੋਸ਼ਿਸ਼ ਨਹੀਂ ਕੀਤੀ। ਪੰਜਾਬ ਵਿਚ ਫਸਲਾਂ ਦੀ ਹਰਿਆਲੀ ਅਤੇ ਖੁੱਲ੍ਹੇ ਡੁੱਲ੍ਹੇ ਮਾਹੌਲ ਤੇ ਸੁਭਾਅ ਦੇਖ ਕੇ ਲੱਗਦਾ ਹੈ ਕਿ ਇਹ ਲੋਕ ਪਤਾ ਨਹੀਂ ਕਿੰਨੇ ਖੁਸ਼ਹਾਲ ਹੋਣਗੇ; ਹਕੀਕਤ ਇਸ ਦੇ ਉਲਟ ਹੈ। ਬਾਕੀ ਦੀਆਂ ਗੱਲਾਂ ਛੱਡੋ, ਖੇਤੀ ਅੰਦਰ ਕੀਮਤਾਂ ਦੀ ਹੀ ਗੱਲ ਕਰੀਏ ਤਾਂ ਸਹਿਜੇ ਹੀ ਪਤਾ ਲੱਗ ਜਾਂਦਾ ਹੈ ਕਿ ਪੰਜਾਬ ਦਾ ਅਰਥਚਾਰਾ ਕੰਗਾਲੀ ਦਾ ਸ਼ਿਕਾਰ ਕਿਉਂ ਹੋਇਆ। ਪਿੰਡਾਂ 'ਚ ਵੱਸਦੀ ਵਸੋਂ ਭਾਵੇਂ ਕਿਸੇ ਵੀ ਪਾਰਟੀ ਦੀ ਸਿਆਸੀ ਤਾਕਤ ਤੈਅ ਕਰਦੀ ਹੈ ਪਰ ਹੁਣ ਤੱਕ ਤਕਰੀਬਨ ਸਾਰੀਆਂ ਦੀ ਸਿਆਸੀ ਧਿਰਾਂ ਨੇ ਇਨ੍ਹਾਂ ਦੇ ਚਿਹਰਿਆਂ ਉੱਤੇ ਲਿਖੀ ਇਬਾਰਤ ਪੜ੍ਹਨ ਦੀ ਥਾਂ ਇਨ੍ਹਾਂ ਵੱਲ ਪਿੱਠ ਕਰ ਕੇ ਰੱਖੀ ਹੈ। ਇਸ ਦੀ ਵਜ੍ਹਾ ਸ਼ਾਇਦ ਪੇਂਡੂ ਸਮਾਜ ਦੀ ਸਾਦਗੀ, ਭੁੱਲ ਜਾਣ ਤੇ ਵਿਸ਼ਵਾਸ ਕਰਨ ਦੀ ਬਿਰਤੀ ਅਤੇ ਸਿਆਸੀ ਨੇਤਾਵਾਂ ਪ੍ਰਤੀ ਆਸ਼ਾਵਾਂ ਤੇ ਮਨ ਵਿਚ ਸਤਿਕਾਰ ਰਿਹਾ ਹੈ।

ਪੰਜਾਬ ਅੱਜ ਵੀ 18-22 ਫੀਸਦੀ ਚੌਲ ਅਤੇ 45 ਫੀਸਦੀ ਕਣਕ ਦੇਸ਼ ਦੇ ਅੰਨ ਭੰਡਾਰਾਂ ਵਿਚ ਦੇ ਰਿਹਾ ਹੈ। ਪੰਜਾਬ ਦੇ ਲੋਕ ਤਕੜੇ ਕਾਮੇ ਹੋਣ ਦੇ ਬਾਵਜੂਦ ਹਰੀ ਕ੍ਰਾਂਤੀ ਦੇ ਦੌਰ ਸਮੇਂ ਬਣਾਇਆ ਆਪਣਾ ਸਥਾਨ ਬਰਕਰਾਰ ਨਹੀਂ ਰੱਖ ਸਕੇ। 1970ਵਿਆਂ ਤੋਂ ਲੈ ਕੇ 90ਵਿਆਂ ਦੇ ਸ਼ੁਰੂ ਤੱਕ ਪੰਜਾਬ ਵਿਕਾਸ ਦਰ ਅਤੇ ਪ੍ਰਤੀ ਵਿਅਕਤੀ ਆਮਦਨ ਵਿਚ ਮੋਹਰੀ ਸੂਬਾ ਸੀ ਪਰ ਉਸ ਤੋਂ ਬਾਅਦ ਪ੍ਰਤੀ ਵਿਅਕਤੀ ਆਮਦਨ ਦੇ ਹਿਸਾਬ ਨਾਲ ਇਹ ਹੇਠਾਂ ਖਿਸਕਦਾ-ਖਿਸਕਦਾ 2022-23 ਵਿਚ 10ਵੇਂ ਸਥਾਨ ਉੱਤੇ ਪਹੁੰਚ ਗਿਆ। ਪੰਜਾਬ ਦਾ ਖੇਤੀ ਅਰਥਚਾਰਾ ਬਹੁਤ ਸਾਰੇ ਕਾਰਨਾਂ ਜਿਨ੍ਹਾਂ ਵਿਚ ਖੇਤੀ ਪੈਦਾਵਾਰ ਵਿਚ ਖੜੋਤ, ਖੇਤ ਲਾਗਤਾਂ ਦਾ ਹੱਦੋਂ ਜ਼ਿਆਦਾ ਵਧਣਾ, ਆਮਦਨ ਘਟਣਾ, ਕੁਦਰਤੀ ਤੇ ਹੋਰ ਕਾਰਨਾਂ ਕਰ ਕੇ ਫਸਲਾਂ ਦਾ ਖਰਾਬਾ, ਖੇਤੀ ਜਿਣਸਾਂ ਦੇ ਭਾਅ ਵਿਚ ਨਿਗੂਣਾ ਵਾਧਾ ਆਦਿ ਸ਼ਾਮਲ ਹੈ, ਕਰ ਕੇ ਬੁਰੀ ਤਰ੍ਹਾਂ ਸੰਕਟ ਦਾ ਸ਼ਿਕਾਰ ਹੋ



ਗਿਆ। ਪਿਛਲੇ ਕੁਝ ਦਹਾਕਿਆਂ ਦੀ ਰੇਟ ਲਿਸਟ 'ਤੇ ਨਿਗ੍ਹਾ ਮਾਰੀਏ ਤਾਂ ਪਤਾ ਲੱਗ ਜਾਂਦਾ ਹੈ ਕਿ ਸੂਬੇ ਅੰਦਰ ਜਿੱਥੇ ਡੀਜ਼ਲ ਦਾ ਰੇਟ 110 ਗੁਣਾ, ਖਾਦਾਂ ਦਾ ਰੇਟ 110 ਤੋਂ 140 ਗੁਣਾ ਅਤੇ ਖੇਤੀ ਮਸ਼ੀਨਰੀ ਦੇ ਰੇਟ 60 ਤੋਂ 70 ਗੁਣਾ ਵਧੇ, ਉੱਥੇ ਖੇਤੀ ਜਿਣਸਾਂ ਦੇ ਭਾਅ ਵਿਚ 30 ਗੁਣਾ ਤੋਂ ਵੀ ਨਹੀਂ ਵਧੇ। ਪਰਿਵਾਰ ਸਮੇਤ ਲੱਕ ਤੋੜਵੀਂ ਮਿਹਨਤ ਕਰ ਕੇ ਜਿਣਸਾਂ ਦਾ ਵਾਜਿਬ ਭਾਅ ਨਾ ਮਿਲਣ ਕਾਰਨ ਇਸ ਨੇ ਪੇਂਡੂ ਅਰਥਚਾਰੇ ਦੇ ਸੰਕਟ ਦਾ ਮੁੱਢ ਬੰਨ੍ਹ ਦਿੱਤਾ। ਕਿਸਾਨ ਮਜ਼ਬੂਰੀ ਵੱਸ ਕਰਜ਼ਾ ਚੁੱਕਦਾ ਗਿਆ ਅਤੇ ਉਸ ਪੱਧਰ ਦੀ ਆਮਦਨ ਨਾ ਹੋਣ ਕਾਰਨ ਕਰਜ਼ਈ ਹੁੰਦਾ ਗਿਆ। 1997 ਵਿਚ ਸਮੁੱਚੀ ਕਿਸਾਨੀ ਸਿਰ 5700 ਕਰੋੜ ਰੁਪਏ ਕਰਜ਼ਾ ਸੀ ਜੋ 2022-23 ਵਿਚ ਵਧ ਕੇ 73673 ਕਰੋੜ ਰੁਪਏ ਹੋ ਗਿਆ। ਅੱਜ ਪੰਜਾਬ ਦੇ ਹਰ ਕਿਸਾਨ ਦੇ ਸਿਰ ਔਸਤਨ 2.05 ਲੱਖ ਰੁਪਏ ਕਰਜ਼ਾ ਹੈ। ਇਸ ਕਰ ਕੇ ਕਰਜ਼ੇ ਦੇ ਲਗਾਤਾਰ ਵਧਦੇ ਦਬਾਅ ਕਾਰਨ ਕਿਸਾਨੀ ਅਰਥਚਾਰਾ ਅਤੇ ਸਮਾਜਿਕ ਭਾਈਚਾਰਾ ਕਈ ਦਹਾਕਿਆਂ ਤੋਂ ਆਪਣੇ ਆਪ ਨੂੰ ਆਰਥਿਕ, ਸਮਾਜਿਕ ਅਤੇ ਮਾਨਸਿਕ ਤੌਰ 'ਤੇ ਟੁੱਟਿਆ ਮਹਿਸੂਸ ਕਰ ਰਿਹਾ ਹੈ। ਵੱਸੋਂ ਬਾਹਰੇ ਹੋਏ ਹਾਲਾਤ ਕਾਰਨ ਛੋਟੀ ਕਿਸਾਨੀ ਜਾਂ ਤਾਂ ਖੇਤੀ ਤੋਂ ਬਾਹਰ ਹੋ ਰਹੀ ਹੈ ਜਾਂ ਬੇਵਸੀ ਦੀ ਹਾਲਤ ਵਿੱਚ ਲਗਾਤਾਰ ਅਸਿਹ ਮਾਨਸਿਕ ਦਬਾਅ ਕਾਰਨ ਆਤਮਘਾਤ ਦੇ ਰਾਹ ਪੈ ਰਹੀ ਹੈ।

ਹਰੀ ਕ੍ਰਾਂਤੀ ਨੇ ਜਿੱਥੇ ਕਾਮਾ ਵਰਗ ਲਈ ਸ਼ੁਰੂ-ਸ਼ੁਰੂ ਵਿਚ ਖੇਤੀ ਕੰਮ ਸੁਖਾਲਾ ਕਰਨ ਦੇ ਨਾਲ-ਨਾਲ ਹੋਰ ਧੰਦਿਆਂ ਨੂੰ ਜਨਮ ਦਿੱਤਾ ਪਰ ਵਕਤ ਗੁਜ਼ਰਨ ਨਾਲ ਪਿੰਡਾਂ ਦਾ ਕਾਮਾ ਵਰਗ ਦੇ ਰਵਾਇਤੀ ਧੰਦੇ ਜਾਂਦੇ ਰਹੇ; ਹੌਲੀ-ਹੌਲੀ ਮਸ਼ੀਨੀਕਰਨ ਨੇ ਕਾਮੇ ਨੂੰ ਖੇਤੀ ਵਿੱਚੋਂ ਵੀ ਬਾਹਰ ਕੱਢ ਦਿੱਤਾ। ਅੱਜ ਉਸ ਨੂੰ ਖੇਤੀ ਵਿੱਚ ਕੁਝ ਦਿਨ ਹੀ ਕੰਮ ਮਿਲਦਾ ਹੈ। ਇਨ੍ਹਾਂ ਕੁਝ ਦਿਨਾਂ ਦੀ ਸੀਮਤ ਕਮਾਈ ਦੇ ਸਹਾਰੇ ਉਹ ਆਪਣਾ ਜੀਵਨ ਨਿਰਬਾਹ ਨਹੀਂ ਕਰ ਸਕਦਾ। ਇਉਂ ਪਿੰਡਾਂ ਵਿਚ ਰਹਿੰਦਾ ਮਜ਼ਦੂਰ ਹੁਣ ਖੇਤਾਂ ਵਿਚ ਕੰਮ ਕਰਨ ਵਾਲਾ ਖੇਤ ਮਜ਼ਦੂਰ ਨਹੀਂ ਰਿਹਾ। ਉਸ ਨੂੰ ਰੋਜ਼ਮੱਰਾ ਜ਼ਿੰਦਗੀ ਬਸਰ ਕਰਨ ਲਈ ਖੇਤੀ ਤੋਂ ਬਾਹਰ ਕੰਮ ਦੇ ਮੌਕੇ ਤਲਾਸ਼ਣੇ ਪੈਂਦੇ ਹਨ। ਪਿੰਡਾਂ ਵਿਚ ਰਹਿਣ ਵਾਲੇ ਅਨੁਸੂਚਿਤ ਜਾਤੀਆਂ ਨਾਲ ਸਬੰਧਿਤ ਬੇਜ਼ਮੀਨੇ ਕਾਮਾ ਵਰਗਾਂ ਦਾ ਹੌਲੀ-ਹੌਲੀ ਉਜਾੜਾ ਹੁੰਦਾ ਗਿਆ। ਵੱਖ-ਵੱਖ ਕੰਮਾਂ-ਕਾਰਾਂ ਨਾਲ ਜੁੜੇ ਛੋਟੇ-ਛੋਟੇ ਕਾਮਾ ਵਰਗ ਲੁਪਤ ਹੋ ਗਏ। ਪੇਂਡੂ ਅਰਥਚਾਰੇ ਵਿਚ ਅਹਿਮ ਰੋਲ ਅਦਾ ਕਰਦੇ ਵੱਖ-ਵੱਖ ਜਾਤੀਆਂ ਦੇ ਧੰਦਿਆਂ ਨੂੰ ਬਾਜ਼ਾਰ ਕਦੋਂ ਖਾ ਗਿਆ, ਕਿਸੇ ਨੂੰ ਕੋਈ ਖਬਰ ਨਹੀਂ। ਇਨ੍ਹਾਂ ਦੇ ਉਜਾੜੇ ਦੀ ਕਿਧਰੇ ਕੋਈ ਕਨਸੋਅ ਵੀ ਸੁਣਾਈ ਨਹੀਂ ਦਿੱਤੀ। ਪਿੰਡਾਂ ਵਿਚ ਵਸਦੀ ਉਨ੍ਹਾਂ ਦੀ ਤੀਜੀ ਚੌਥੀ ਪੁਸ਼ਤ ਆਪਣੇ ਰਵਾਇਤੀ ਧੰਦਿਆਂ ਤੋਂ ਕਿਤੇ ਦੂਰ ਜਾਂ ਤਾਂ ਕਸਬਿਆਂ ਤੇ ਸ਼ਹਿਰਾਂ ਵੱਲ ਰੋਜ਼ੀ ਰੋਟੀ ਲਈ ਪਰਵਾਸ ਕਰ ਗਈ ਜਾਂ ਬਸ ਪਿੰਡਾਂ ਵਿਚ ਹੀ ਰਹਿਣ ਜੋਗੀ ਰਹਿ ਗਈ। ਹਾਲਾਤ ਵਿੱਚ ਆਈ ਤਬਦੀਲੀ ਕਾਰਨ ਹੁਣ ਖੇਤ ਮਜ਼ਦੂਰ ਸੰਗਠਨ ਦੀ ਆਧਾਰ ਗੁਆ ਚੁੱਕੇ ਹਨ। ਦੂਜੇ, ਸਰਕਾਰ ਵੱਲੋਂ ਮੁਫਤ ਰਾਸ਼ਨ ਅਤੇ ਲੋਕ ਭਲਾਈ ਸਕੀਮਾਂ ਨੇ ਕਾਮੇ ਵਰਗ ਦੀ ਕਿਰਤ ਸ਼ਕਤੀ ਉੱਤੇ ਗਹਿਰੀ ਚੋਟ ਮਾਰੀ ਹੈ। ਉਸ ਨੂੰ ਘਰੋਂ ਬੈਠ ਕੇ ਆਟਾ, ਦਾਲਾ, ਚੌਲ ਮਿਲ ਰਹੇ ਹਨ। ਹੁਣ ਹਾਲਾਤ ਇਹ ਹੈ ਕਿ ਪਿੰਡਾਂ ਵਿਚ ਮਜ਼ਦੂਰ ਭਾਲਣ ਵਿਚ ਵੀ ਦਿੱਕਤ ਆ ਰਹੀ ਹੈ। ਕਾਮਿਆਂ ਦਾ ਉਹ ਵਰਗ ਜਿਸ ਨੇ ਆਪਣੀ ਸ਼ਕਤੀ ਅਤੇ ਸੂਝ ਨਾਲ ਅੱਗੇ ਲੱਗ ਕੇ ਸਮਾਜਿਕ ਤਬਦੀਲੀ ਕਰਨੀ ਸੀ, ਉਹ ਅੱਜ ਜਿੱਥੇ ਲਾਲਸਾ ਦਾ ਸ਼ਿਕਾਰ ਹੋ ਕੇ ਭਾਰੂ ਸਿਆਸੀ ਧਿਰਾਂ ਦਾ ਪਿੱਛਲੱਗ ਬਣ ਰਿਹਾ ਹੈ ਉੱਥੇ ਵਿਹਲੇ ਬੈਠਣ ਕਾਰਨ ਨਸ਼ਿਆਂ ਦਾ ਸ਼ਿਕਾਰ ਵੀ ਹੋ ਰਿਹਾ ਹੈ।

ਇਸ ਤੋਂ ਇਲਾਵਾ ਕੇਂਦਰ ਸਰਕਾਰ ਨੇ ਸਾਲ 2020 ਵਿਚ ਤਿੰਨ ਖੇਤੀ ਕਾਨੂੰਨ ਲਿਆਂਦੇ ਜਿਨ੍ਹਾਂ ਦਾ ਮਕਸਦ ਖੇਤੀ ਦੇ ਬਹੁ-ਪਰਤੀ ਸਮਾਜਿਕ ਸਮੂਹਿਕ ਵਿਕਾਸ ਦੀ ਥਾਂ ਕਾਰਪੋਰੇਟੀ ਵਿਕਾਸ ਸੀ। ਸਿੱਟੇ ਵਜੋਂ ਕਿਸਾਨਾਂ ਨੂੰ ਲੰਮਾ ਅੰਦੋਲਨ ਕਰ ਕੇ ਇਹ ਕਾਨੂੰਨ ਵਾਪਸ ਕਰਵਾਉਣੇ ਪਏ। ਉਂਝ, ਕੇਂਦਰ ਸਰਕਾਰ ਨੇ ਹੁਣ ਫਿਰ ਨਵੇਂ ਮੰਡੀ ਖਰੜੇ ਤਹਿਤ ਪ੍ਰਾਸੈਸਿੰਗ, ਬਰਾਮਦ, ਸੰਗਠਿਤ ਪ੍ਰਚੂਨ ਵਿਕਰੇਤਾ ਅਤੇ ਥੋਕ ਖਰੀਦਦਾਰਾਂ ਨੂੰ ਸਿੱਧਾ ਖੇਤਾਂ ਵਿੱਚੋਂ ਹੀ ਖਰੀਦ ਕਰਨ ਦੀ ਮਨਜ਼ੂਰੀ ਦੀ ਗੱਲ ਕਹੀ ਹੈ; ਨਾਲ ਹੀ ਕਿਹਾ ਹੈ ਕਿ ਵੇਅਰ ਹਾਊਸ, ਸਾਈਲੋਜ਼, ਕੋਲਡ ਸਟੋਰਾਂ ਨੂੰ 'ਫੜ' ਐਲਾਨਿਆ ਜਾਵੇ। ਇਸ ਤਰ੍ਹਾਂ ਇਸ ਮਸੌਦੇ ਰਾਹੀਂ ਜਿੱਥੇ ਕਿਸਾਨੀ ਦੇ ਫਾਇਦੇ ਦੇ ਪਰਦੇ ਹੇਠ ਦਿਓ ਕੱਦ ਤਾਕਤਾਂ ਦੇ ਨਫਿਆਂ ਲਈ ਰਾਹ ਮੋਕਲਾ ਕੀਤਾ ਗਿਆ ਹੈ ਉੱਥੇ ਹੀ ਖੇਤੀ ਉਤਪਾਦਾਂ ਮਾਰਕੀਟ ਕਮੇਟੀ (ਏ ਪੀ ਐੱਮ ਸੀ) ਦੇ ਮੁਕਾਬਲੇ ਪ੍ਰਾਈਵੇਟ ਮੰਡੀਆਂ ਦੇ ਪਸਾਰੇ ਰਾਹੀਂ ਆ ਰਹੇ ਸਮਿਆਂ ਵਿਚ ਕਿਸਾਨੀ ਨੂੰ ਬੇਵਸ ਕਰ ਕੇ ਦਿਓਕੱਦ ਵਪਾਰੀਆਂ ਦੇ ਰਹਿਮ-ਓ-ਕਰਮ ਉੱਤੇ ਛੱਡਣ ਲਈ ਇਹ ਖਰੜਾ ਤਿਆਰ ਕੀਤਾ ਹੈ। ਇਸ ਮੰਡੀ ਸਿਸਟਮ ਵਿਚ ਇਕੱਲੇ ਕਿਸਾਨ ਜਾਂ ਲੋਕਲ ਆੜ੍ਹਤੀ ਵਰਗ ਦੀ ਤਬਾਹੀ ਨਹੀਂ ਸਗੋਂ ਇਸ ਦੇ ਬਹੁ-ਪਰਤੀ ਮਾਰੂ ਅਸਰ ਹੋਣਗੇ। ਮੰਡੀਆਂ ਵਿੱਚ ਕੰਮ ਕਰਦੇ ਪੱਲੇਦਾਰ, ਸਫਾਈ ਮਜ਼ਦੂਰ, ਚਾਹ ਬਣਾਉਣ ਵਾਲੇ, ਬਰਤਨ ਸਾਫ ਕਰਨ ਵਾਲੇ, ਖੋਖਿਆਂ ਵਾਲੇ, ਕਰਿਆਨਾ, ਦਵਾਈਆਂ, ਹੋਰ ਲੋੜੀਂਦਾ ਸਮਾਨ ਵੇਚਣ ਵਾਲੇ ਅਤੇ ਦੁਕਾਨਾਂ 'ਤੇ ਕੰਮ ਕਰਨ ਵਾਲੇ, ਰੇਹੜੀ ਫੜ੍ਹੀ ਵਾਲੇ, ਬੂਟ ਪਾਲਿਸ਼ ਕਰਨ ਵਾਲੇ ਆਦਿ ਅਨੇਕ ਧੰਦਿਆਂ ਨਾਲ ਜੁੜੇ ਕਾਮੇ ਵੱਡੇ-ਵੱਡੇ ਅਦਾਰਿਆਂ ਦੇ ਪਸਾਰੇ ਰਾਹੀਂ ਖਤਮ ਹੋ ਜਾਣਗੇ। ਇਹ ਉਹ ਸਮਾਜਿਕ ਪਰਤਾਂ ਹਨ ਜਿਨ੍ਹਾਂ ਦਾ ਆਪਣੇ ਕਿੱਤਿਆਂ 'ਤੇ ਆਧਾਰਿਤ ਕੋਈ ਜਥੇਬੰਦਕ ਤਾਣਾ-ਬਾਣਾ ਨਹੀਂ ਅਤੇ ਨਾ ਹੀ ਕੋਈ ਆਪਣੀ ਵੱਖਰੀ ਹੋਂਦ ਜਤਾਉਂਦੀ ਆਵਾਜ਼ ਹੈ। ਇਸ ਕਰ ਕੇ ਇਹ ਅੰਦੋਲਨ ਸਿਰਫ ਕਿਸਾਨਾਂ ਦਾ ਨਹੀਂ ਸਗੋਂ ਛੋਟੇ-ਛੋਟੇ ਤਮਾਮ ਧੰਦਿਆਂ ਨਾਲ ਜੁੜੇ ਕਾਮਿਆਂ, ਛੋਟੇ ਵਪਾਰੀਆਂ, ਦੁਕਾਨਦਾਰਾਂ ਅਤੇ ਮੰਡੀ ਉੱਤੇ ਨਿਰਭਰ ਇਨ੍ਹਾਂ ਤਮਾਮ ਲੋਕਾਂ ਦਾ ਵੀ ਹੈ।

ਇਹ ਗੱਲ ਨੋਟ ਕਰਨ ਵਾਲੀ ਹੈ ਕਿ ਅੱਜ ਕਿਸਾਨ ਕੋਲ ਸਮਾਜਿਕ ਜਥੇਬੰਦਕ ਸ਼ਕਤੀ ਹੈ, ਉਸ ਕੋਲ ਅੰਦੋਲਨ ਲੜਨ ਲਈ ਆਪਣੀ ਆਰਥਿਕ ਸ਼ਕਤੀ ਵੀ ਹੈ। ਅਜੋਕੇ ਦੌਰ ਵਿਚ ਇਨ੍ਹਾਂ ਦੋਵੇਂ ਸ਼ਕਤੀਆਂ ਦੀ ਗੈਰ-ਹਾਜ਼ਰਾਂ ਵਿਚ ਕਿਸੇ ਸੰਘਰਸ਼ ਵੀ ਤਵੱਕੋ ਨਹੀਂ ਕੀਤੀ ਜਾ ਸਕਦੀ। ਇਸ ਦੇ ਨਾਲ ਹੀ ਮਸਲਾ ਏਕਤਾ ਦਾ ਵੀ ਹੈ। ਇਸ ਕਰ ਕੇ ਕਿਸਾਨ ਧਿਰਾਂ ਨੂੰ ਵਿਆਪਕ ਹਿੱਤਾਂ ਨੂੰ ਧਿਆਨ ਵਿਚ ਰੱਖਦੇ ਹੋਏ ਸਮੂਹਿਕ ਯਤਨਾਂ ਰਾਹੀਂ ਹਰ ਪਾਸਿਓਂ ਸਹਿਯੋਗ ਲੈਣ ਲਈ ਯਤਨਸ਼ੀਲ ਹੋਣਾ ਚਾਹੀਦਾ ਹੈ ਅਤੇ ਲਾਮਬੰਦੀ ਦੇ ਆਪਣੇ ਰਵਾਇਤੀ ਸੰਘਰਸ਼ ਦੇ ਦਾਅ ਪੇਚਾਂ ਉੱਤੇ ਪੜਚੋਲਵੀਂ ਨਜ਼ਰ ਮਾਰਦਿਆਂ ਖੁੱਲ੍ਹ ਦਿਲ ਨਾਲ ਮੁੜ ਗੌਰ ਕਰਨੀ ਚਾਹੀਦੀ ਹੈ। ਜ਼ਾਹਿਰ ਹੈ ਕਿ ਬਦਲ ਚੁੱਕੇ ਹਾਲਾਤ ਵਿਚ ਸੰਘਰਸ਼ ਦੇ ਬਦਲਵੇਂ ਰੂਪ ਤਲਾਸ਼ਣ ਦੀ ਜ਼ਰੂਰਤ ਹੈ ਤਾਂ ਕਿ ਆਮ ਜਨ-ਜੀਵਨ ਵੀ ਪ੍ਰਭਾਵਿਤ ਨਾ ਹੋਵੇ ਅਤੇ ਅਵਾਮ ਦੀ ਹਮਦਰਦੀ ਤੇ ਹਮਾਇਤ ਵੀ ਬਣੀ ਰਹੇ।

ਜਿੱਥੇ ਤੱਕ ਪੰਜਾਬ ਸਰਕਾਰ ਦੀ ਗੱਲ ਹੈ, ਇਸ ਨੇ ਭਾਵੇਂ ਵਿਧਾਨ ਸਭਾ ਸੈਸ਼ਨ ਬੁਲਾ ਕੇ ਕੇਂਦਰ ਦਾ ਮੰਡੀ ਖਰੜਾ ਰੱਦ ਕਰ ਦਿੱਤਾ ਹੈ, ਫਿਰ ਵੀ ਸਰਕਾਰ ਨੂੰ ਆਪਣੀ ਹਾਂ ਪੱਖੀ ਸੋਚ ਤਹਿਤ ਕਿਸਾਨ ਨੇਤਾਵਾਂ ਨਾਲ ਗੱਲਬਾਤ ਰਾਹੀਂ ਮਸਲਿਆਂ ਦੇ ਹੱਲ ਲਈ ਪਹਿਲਕਦਮੀ ਕਰਨੀ ਚਾਹੀਦੀ ਹੈ। ਸਰਕਾਰ ਨੂੰ ਕਿਸਾਨ ਧਿਰਾਂ ਨਾਲ ਟਕਰਾਓ ਤੋਂ ਬਚਦਿਆਂ ਪੰਜਾਬ ਦੇ ਵਿਕਾਸ ਲਈ ਆਮ ਕਰ ਕੇ ਅਤੇ ਖੇਤੀ ਦੇ ਵਿਕਾਸ ਲਈ ਖਾਸ ਕਰ ਕੇ ਸਾਰੀਆਂ ਧਿਰਾਂ ਨਾਲ ਸੰਵਾਦ ਦੇ ਜ਼ਰੀਏ ਨੀਤੀਗਤ ਫੈਸਲੇ ਕਰਨ ਦੀ ਅਥਾਹ ਜ਼ਰੂਰਤ ਹੈ ਕਿ ਪੰਜਾਬ ਦੇ ਅਰਥਚਾਰੇ ਅਤੇ ਸਮਾਜਿਕ ਜੀਵਨ ਨੂੰ ਪੈਰਾ ਸਿਰ ਖੜ੍ਹਾ ਕੀਤਾ ਜਾ ਸਕੇ। ਇਸੇ ਵੀ ਹੀ ਸਭ ਦੀ ਭਲਾਈ ਹੈ।

ਪ੍ਰੋ. ਮੇਹਰ ਮਾਣਕ

ਖੇਤੀ ਦੁਨੀਆਂ
ਪੰਜਾਬੀ ਖੇਤੀਬਾੜੀ ਸਪਤਾਹਿਕ
KHETI DUNIYAN
An Exclusive Agricultural Weekly
ਰਜਿਸਟਰਡ ਆਫਿਸ :
9-ਏ, ਅਜੀਤ ਨਗਰ, ਪਟਿਆਲਾ
ਮਾਰਕੀਟਿੰਗ ਆਫਿਸ :
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ, ਪਟਿਆਲਾ-147001
ਫੋਨ : 0175-2214575
ਈ-ਮੇਲ : kdpublications@yahoo.co.in

ਨੋਟ
★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।
★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।
★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।

Editor : **JAGPREET SINGH**, Printer, Publisher and Owner of Weekly **'KHETI DUNIYAN'** Printed at **Varginia Printers,** Shere-e-Punjab Market, Gaushala Road, Patiala-147001 (Pb.) and published from **Kheti Duniyan**, House No. 9-A, Ajit Nagar, Patiala-147001 (Pb.).
E-mail : khetiduniyan1983@gmail.com
Phone No. 0175-2214575 • RNI No.**PUNPUN00806**

# ਟਮਾਟਰ ਦੀ ਫਸਲ ਨੂੰ ਕੀੜਿਆਂ ਦੇ ਹਮਲੇ ਤੋਂ ਬਚਾਓ ਅਤੇ ਪੂਰਾ ਝਾੜ ਪਾਓ

ਟਮਾਟਰ ਦੀ ਫਸਲ ਉੱਪਰ ਕਈ ਪ੍ਰਕਾਰ ਦੇ ਕੀੜੇ ਹਮਲਾ ਕਰਦੇ ਹਨ ਅਤੇ ਕਾਫੀ ਨੁਕਸਾਨ ਕਰਦੇ ਹਨ। ਚੰਗੇ ਝਾੜ ਲਈ ਇਨ੍ਹਾਂ ਦੀ ਪਛਾਣ ਅਤੇ ਰੋਕਥਾਮ ਕਰਨਾ ਅਤਿ ਜ਼ਰੂਰੀ ਹੈ। ਟਮਾਟਰ ਦੇ ਮੁੱਖ ਕੀੜਿਆਂ ਦੇ ਹਮਲੇ ਦੀਆਂ ਨਿਸ਼ਾਨੀਆਂ ਅਤੇ ਰੋਕਥਾਮ ਦੇ ਤਰੀਕੇ ਹੇਠਾਂ ਦਿੱਤੇ ਗਏ ਹਨ।



**ਫਲ ਦਾ ਗੜੂੰਆਂ** : ਇਹ ਟਮਾਟਰ ਉੱਪਰ ਪਾਇਆ ਜਾਣ ਵਾਲਾ ਹਾਨੀਕਾਰਕ ਕੀੜਾ ਹੈ ਜੋ ਟਮਾਟਰ ਤੋਂ ਇਲਾਵਾ ਛੋਲੇ, ਨਰਮਾ, ਬਰਸੀਮ ਆਦਿ ਦਾ ਵੀ ਨੁਕਸਾਨ ਕਰਦਾ ਹੈ। ਸੁੰਡੀਆਂ ਪਹਿਲਾਂ ਪੱਤਿਆਂ ਨੂੰ ਖਾਂਦੀਆਂ ਹਨ ਅਤੇ ਬਾਅਦ ਵਿਚ ਇਹ ਸੁੰਡੀਆਂ ਵੱਡੀ ਅਵਸਥਾ ਵਿਚ ਫਲਾਂ ਵਿਚ ਮੋਰੀਆਂ ਕਰਕੇ ਉਨ੍ਹਾਂ ਦਾ ਨੁਕਸਾਨ ਕਰਦੀਆਂ ਹਨ। ਅਜਿਹੇ ਫਲ ਮੰਡੀਕਰਨ ਅਤੇ ਖਾਣ ਦੇ ਯੋਗ ਨਹੀਂ ਰਹਿੰਦੇ। ਇਸ ਨਾਲ ਝਾੜ ਦਾ ਵੀ ਕਾਫੀ ਨੁਕਸਾਨ ਹੋ ਜਾਂਦਾ ਹੈ।

**ਰੋਕਥਾਮ**

★ ਕਾਣੇ ਫਲ ਤੋੜ ਕੇ ਜ਼ਮੀਨ ਵਿਚ ਦੱਬ ਦਿਓ।

★ ਇਸ ਦੀ ਰੋਕਥਾਮ ਲਈ 2 ਹਫਤੇ ਦੇ ਵਕਫੇ ਤੇ 3 ਛਿੜਕਾਅ ਫੁਲ ਪੈਣ ਸਮੇਂ ਕਰੋ। 60 ਮਿਲੀਲਿਟਰ ਕੋਰਾਜਨ 18.5 ਐਸ ਸੀ (ਕਲੋਰਐਂਟਰਾਨੀਲੀਪਰੋਲ) ਜਾਂ 30 ਮਿਲੀਲਿਟਰ ਫੇਮ 480 ਐਸ ਐਲ (ਫਲੂਬੈਂਡੀਆਮਾਈਡ) ਜਾਂ 200 ਮਿਲੀਲਿਟਰ ਇੰਡੋਕਸਾਕਾਰਬ 14.5 ਐਸ ਸੀ ਪ੍ਰਤੀ ਏਕੜ ਦੇ ਹਿਸਾਬ ਨਾਲ 100 ਲਿਟਰ ਪਾਣੀ ਵਿਚ ਘੋਲ ਕੇ ਛਿੜਕਾਅ ਕਰੋ।

★ ਛਿੜਕਾਅ ਤੋਂ ਪਹਿਲਾਂ ਮੰਡੀਕਰਨ ਯੋਗ ਅਤੇ ਪੱਕੇ ਹੋਏ ਫਲ ਤੋੜ ਲਵੋ।

★ ਕੋਰਾਜਨ ਦੇ ਛਿੜਕਾਅ ਤੋਂ 1 ਦਿਨ ਅਤੇ ਫੇਮ ਦੇ ਛਿੜਕਾਅ ਤੋਂ 3 ਦਿਨ ਦਾ ਉਡੀਕ ਸਮਾਂ ਰੱਖ ਕੇ ਫਲ ਤੋੜਨੇ ਚਾਹੀਦੇ ਹਨ।

**ਚੇਪਾ** : ਇਹ ਕੀੜਾ ਪੱਤਿਆਂ ਦਾ ਰਸ ਚੂਸਦਾ ਹੈ, ਜਿਸ ਕਾਰਨ ਬੂਟਿਆਂ ਦਾ ਵਾਧਾ ਰੁਕ ਜਾਂਦਾ ਹੈ ਅਤੇ ਉਹ ਕਮਜ਼ੋਰ ਰਹਿ ਜਾਂਦੇ ਹਨ। ਹਮਲੇ ਕਾਰਨ ਨਵੀਆਂ ਕਰੂੰਬਲਾਂ ਮੁਰਝਾਅ ਜਾਂਦੀਆਂ ਹਨ। ਖਾਲੀ ਥਾਵਾਂ, ਸੜਕਾਂ ਦੇ ਕਿਨਾਰਿਆਂ ਅਤੇ ਖਾਲਿਆਂ ਦੀ ਵੱਟਾਂ ਅਤੇ ਬੇਕਾਰ ਪਈ ਜ਼ਮੀਨ ਵਿੱਚੋਂ ਚੇਪੇ ਦੇ ਬਦਲਵੇਂ ਨਦੀਨਾਂ ਨੂੰ ਨਸ਼ਟ ਕਰੋ। ਨਾਈਟ੍ਰੋਜਨ ਖਾਦ ਸਿਫਾਰਸ਼ ਕੀਤੀ ਮਾਤਰਾ ਤੋਂ ਵੱਧ ਨਾਲ ਪਾਓ ਕਿਉਂਕਿ ਜ਼ਿਆਦਾ ਖਾਦ ਪਾਉਣ ਨਾਲ ਚੇਪੇ ਦੇ ਹਮਲੇ ਵਿਚ ਵਾਧਾ ਹੁੰਦਾ ਹੈ।

**ਚਿੱਟੀ ਮੱਖੀ** : ਇਹ ਬਹੁ-ਫਸਲੀ ਕੀੜਾ ਹੈ ਜੋ ਕਿ ਫਸਲਾਂ ਤੋਂ ਇਲਾਵਾ ਨਦੀਨਾਂ ਉੱਪਰ ਵੀ ਪਾਇਆ ਜਾਂਦਾ ਹੈ। ਚਿੱਟੀ ਮੱਖੀ ਦੇ ਬਾਲਗ ਅਤੇ ਬੱਚੇ ਪੱਤਿਆਂ ਦਾ ਰਸ ਚੂਸ ਕੇ ਨੁਕਸਾਨ ਕਰਦੇ ਹਨ। ਰਸ ਚੂਸਣ ਕਰਕੇ ਬੂਟੇ ਛੋਟੇ ਰਹਿ ਜਾਂਦੇ ਹਨ, ਜਿਸ ਨਾਲ ਝਾੜ ਤੇ ਵੀ ਕਾਫੀ ਮਾੜਾ ਅਸਰ ਪੈਂਦਾ ਹੈ। ਇਹ ਕੀੜਾ ਵਿਸ਼ਾਣੂ ਰੋਗ (ਪੱਤਾ ਮਰੋੜ ਵਿਸ਼ਾਣੂ) ਵੀ ਫੈਲਾਉਂਦਾ ਹੈ।

**ਰੋਕਥਾਮ** : ਇਸ ਦੀ ਰੋਕਥਾਮ ਲਈ 400 ਮਿਲੀਲਿਟਰ ਮੈਲਾਥਿਆਨ 50 ਈ ਸੀ ਪ੍ਰਤੀ ਏਕੜ ਦੇ ਹਿਸਾਬ ਨਾਲ 100 ਲਿਟਰ ਪਾਣੀ ਵਿਚ ਘੋਲ ਕੇ ਫਲ ਪੈਣ ਤੋਂ ਪਹਿਲਾਂ ਛਿੜਕੋ।

**ਰਵਿੰਦਰ ਸਿੰਘ ਚੰਦੀ,**
**ਕੀਟ ਵਿਗਿਆਨ ਵਿਭਾਗ,**
**ਮੋਬਾਇਲ** : 81460-39400

ਪੀ.ਏ.ਯੂ., ਲੁਧਿਆਣਾ ਕਿਸਾਨ ਮੇਲੇ ਵਿੱਚ ਪਹੁੰਚੇ ਕਿਸਾਨ ਵੀਰਾਂ ਦਾ ਸਵਾਗਤ
ਕਿਸਾਨਾਂ ਦੀ ਸੇਵਾ ਵਿੱਚ 1983 ਤੋਂ ਪ੍ਰਕਾਸ਼ਿਤ ਹੋਣ ਵਾਲਾ
ਖੇਤੀ ਦੁਨੀਆਂ
ਸੰਪੂਰਣ ਖੇਤੀਬਾੜੀ ਹਫਤਾਵਾਰੀ
ਇੱਕ ਸਾਲ ਵਿੱਚ 52 ਅੰਕ
ਹਰ ਹਫਤੇ ਖੇਤੀ ਅਤੇ ਸਹਾਇਕ ਧੰਦਿਆਂ ਦੀ ਨਵੀਨਤਮ ਜਾਣਕਾਰੀ ਪਾਓ
ਚੰਦਿਆਂ 'ਤੇ ਵਿਸ਼ੇਸ਼ ਛੂਟ
ਇੱਕ ਸਾਲ 400 ਰੁਪਏ
ਦੋ ਸਾਲ 700 ਰੁਪਏ
ਤਿੰਨ ਸਾਲ 1000 ਰੁਪਏ
ਗਿਫਟ ਡਾਇਰੀ+ਬੈਗ
KHETI DUNIYAN
TID - 62763351
ਚੰਦੇ ਭਰਨ ਲਈ QR ਕੋਡ ਸਕੈਨ ਕਰੋ।
ਹੋਰ ਜਾਣਕਾਰੀ ਲਈ ਸੰਪਰਕ ਕਰੋ : 90410-14575, 98151-04575

# ਕਿਸਾਨਾਂ ਦੀ ਹਾਲਤ ਨੂੰ ਕਿਵੇਂ ਸੁਧਾਰਿਆ ਜਾਵੇ?



ਭਗਵਾਨ ਦਾਸ

ਖੇਤੀ ਦਾ ਹਾਲ ਮਾੜਾ ਹੈ। ਖਰਚੇ ਵਧ ਰਹੇ ਹਨ। ਜਿਣਸਾਂ ਦੀਆਂ ਕੀਮਤਾਂ ਇਸ ਮੁਤਾਬਿਕ ਨਹੀਂ ਵਧ ਰਹੀਆਂ। ਨਤੀਜੇ ਦੇ ਤੌਰ 'ਤੇ ਕਿਸਾਨਾਂ ਦੀ ਆਮਦਨ ਘਟਦੀ ਜਾ ਰਹੀ ਹੈ। ਕਣਕ-ਝੋਨੇ ਦਾ ਫਸਲੀ-ਚੱਕਰ ਹੀ ਪ੍ਰਧਾਨ ਹੈ। ਰਾਜ ਵਿਚ ਕਣਕ ਦੀ ਕਾਸ਼ਤ ਥੱਲੇ ਪੰਜਾਬ 'ਚ 35 ਲੱਖ ਹੈਕਟੇਅਰ ਅਤੇ ਝੋਨੇ ਦੀ ਕਾਸ਼ਤ ਥੱਲੇ ਰਕਬਾ 32 ਲੱਖ ਹੈਕਟੇਅਰ ਨੂੰ ਛੂਹ ਗਿਆ ਹੈ। ਕੁਦਰਤੀ ਸਰੋਤਾਂ ਦੀ ਸੁਚੱਜੀ ਵਰਤੋਂ ਨਹੀਂ ਹੋ ਰਹੀ। ਕੁਦਰਤੀ ਸਰੋਤਾਂ ਦੀ ਸੁਚੱਜੀ ਵਰਤੋਂ ਨਹੀਂ ਹੋ ਰਹੀ। ਕਣਕ-ਝੋਨੇ ਦੇ ਫਸਲੀ-ਚੱਕਰ ਕਾਰਨ ਧਰਤੀ ਹੇਠਲੇ ਪਾਣੀ ਦਾ ਪੱਧਰ ਨੀਵਾਂ ਹੋ ਜਾਣ ਕਾਰਨ ਨਵੀਆਂ ਸਮੱਸਿਆਵਾਂ ਉੱਭਰ ਕੇ ਸਾਹਮਣੇ ਆ ਰਹੀਆਂ ਹਨ। ਇਨ੍ਹਾਂ ਫਸਲਾਂ ਲਈ ਜ਼ਮੀਨ 'ਤੇ ਖਾਦਾਂ ਤੇ ਕੀਟਨਾਸ਼ਕਾਂ ਦੀ ਵਰਤੋਂ ਵੀ ਵਧੇਰੇ ਹੋ ਰਹੀ ਹੈ। ਜ਼ਮੀਨ 'ਤੇ ਮਾੜੇ ਪ੍ਰਭਾਵ ਦਿਖਾਈ ਦੇ ਰਹੇ ਹਨ। ਖੇਤੀ ਵੰਨਸੁਵੰਨਤਾ ਸੰਬੰਧੀ ਕੀਤੇ ਜਾ ਰਹੇ ਉਪਰਾਲਿਆਂ ਦੇ ਬਾਵਜੂਦ ਫਸਲੀ ਵਿਭਿੰਨਤਾ 'ਚ ਕੋਈ ਸਫਲਤਾ ਪ੍ਰਾਪਤ ਨਹੀਂ ਹੋ ਰਹੀ। ਬਾਸਮਤੀ ਦੇ ਮੰਦੇ ਕਾਰਨ ਇਸ ਦੀ ਕਾਸ਼ਤ ਥੱਲੇ ਰਕਬਾ ਘਟਣ ਦੀ ਸੰਭਾਵਨਾ ਨਜ਼ਰ ਆ ਰਹੀ ਹੈ।



ਯਕੀਨਨ ਇਹ ਰਕਬਾ ਝੋਨੇ ਦੀ ਕਾਸ਼ਤ ਥੱਲੇ ਜਾਏਗਾ। ਕਿਉਂਕਿ ਕਿਸਾਨਾਂ ਨੂੰ ਇਸ ਦੇ ਮੁਕਾਬਲੇ ਏਨਾ ਹੀ ਲਾਹੇਵੰਦ ਕੋਈ ਬਦਲ ਪ੍ਰਾਪਤ ਨਹੀਂ। ਕਿਸਾਨਾਂ ਦੀ ਮਸ਼ੀਨਰੀ 'ਚ ਲਾਗਤ ਹੱਦੋਂ ਵੱਧ ਚੁੱਕੀ ਹੈ। ਪੰਜਾਬ 'ਚ 65 ਪ੍ਰਤੀਸ਼ਤ ਤੋਂ ਵੱਧ ਹੈ। ਸਰਕਾਰ ਮਸ਼ੀਨਰੀ 'ਤੇ ਸਬਸਿਡੀਆਂ ਦੇ ਕੇ ਕਿਸਾਨਾਂ ਦੀ ਲਾਗਤ 'ਚ ਹੋਰ ਵਾਧਾ ਕਰ ਰਹੀ ਹੈ ਅਤੇ ਇਹ ਮਸ਼ੀਨਰੀ ਖੇਤਾਂ 'ਚ ਆ ਕੇ ਬੇਕਾਰ ਹੋਈ ਜਾ ਰਹੀ ਹੈ ਹਰ ਕਿਸਾਨ ਮਸ਼ੀਨਰੀ ਖਰੀਦਣ ਲਈ ਉਤਾਵਲਾ ਹੈ ;ਤਾਂ ਜੋ ਉਸ ਦਾ ਸਮਾਜ 'ਚ ਦਰਜਾ ਉੱਚਾ ਹੋਵੇ। ਟਰੈਕਟਰ ਖਾਸ ਤੌਰ 'ਤੇ ਕਿਸਾਨ ਦਾ ਸ਼ਾਨ ਸਮਝਿਆ ਜਾਂਦਾ ਹੈ। ਟਰੈਕਟਰ 1200 ਘੰਟੇ ਸਾਲ 'ਚ ਘੱਟੋ-ਘੱਟ ਚੱਲਣਾ ਚਾਹੀਦਾ ਹੈ। ਪ੍ਰੰਤੂ ਇਹ ਬਹੁਤ ਹੀ ਥੋੜ੍ਹਾ ਅਰਸਾ ਚਲਦਾ ਹੈ। ਜ਼ਿਆਦਾ ਸਮਾਂ ਵਿਹਲਾ ਖੜ੍ਹਾ ਰਹਿੰਦਾ ਹੈ ਜਾਂ ਫਿਰ ਕਿਸਾਨ ਹੁਣ ਇਸ ਤੋਂ ਵਾਹਨ ਜਾਂ ਕਾਰ ਆਦਿ ਦਾ ਕੰਮ ਲੈਣ ਲੱਗ ਪਏ ਹਨ, ਜੋ ਬੜਾ ਮਹਿੰਗਾ ਪੈਂਦਾ ਹੈ।

ਇਸ ਤੋਂ ਇਲਾਵਾ ਮੌਸਮੀ ਬਦਲਾਅ ਕਿਸਾਨਾਂ ਲਈ ਸਭ ਤੋਂ ਵੱਡਾ ਖਲਨਾਇਕ ਬਣ ਕੇ ਆਇਆ ਹੈ। ਕਣਕ ਅਤੇ ਝੋਨੇ ਦੀ ਉਤਪਾਦਕਤਾ ਉੱਥੇ ਹੀ ਖੜ੍ਹੀ ਹੈ। ਇਸ 'ਚ ਕੋਈ ਵਧੇਰੇ ਵਾਧਾ ਨਹੀਂ ਹੋ ਰਿਹਾ। ਜ਼ਮੀਨ ਦੀ ਉਪਜਾਊ ਸ਼ਕਤੀ ਘੱਟ ਰਹੀ ਹੈ। ਬਹੁਤ ਥਾਵਾਂ 'ਤੇ ਖਾਸ ਕਰਕੇ ਮਾਲਵਾ ਤੇ ਕੇਂਦਰੀ ਪੰਜਾਬ ਦੇ ਕੁਝ ਜ਼ਿਲ੍ਹਿਆ ਵਿਚ ਧਰਤੀ ਥੱਲੇ ਪਾਣੀ ਦਾ ਪੱਧਰ ਖਤਰਨਾਕ ਹੱਦ ਤੱਕ ਥੱਲੇ ਜਾਣ ਕਾਰਨ 'ਡਾਰਕ ਜ਼ੋਨ' ਐਲਾਨ ਦਿੱਤਾ ਗਿਆ ਹੈ। ਇਨ੍ਹਾਂ ਵਿਚ ਕੋਈ ਹੋਰ ਨਵਾਂ ਟਿਊਬਵੈੱਲ ਨਹੀਂ ਲੱਗ ਸਕਦਾ। ਕਿਸਾਨਾਂ ਕੋਲ ਜ਼ਮੀਨਾਂ ਲਗਾਤਾਰ ਘਟਦੀਆਂ ਜਾ ਰਹੀਆਂ ਹਨ ਅਤੇ ਮਸ਼ੀਨੀਕਰਨ ਵਧ ਰਿਹਾ ਹੈ। ਮਸ਼ੀਨੀਕਰਨ ਜ਼ਿਆਦਾ ਖਰਚੇ ਦਾ ਕਾਰਨ ਬਣਦਾ ਜਾ ਰਿਹਾ ਹੈ। ਸਹਿਕਾਰੀ ਸੇਵਾ ਸੁਸਾਇਟੀਆਂ ਲੋੜਵੰਦ ਕਿਸਾਨਾਂ ਨੂੰ ਸਮੇਂ ਤੇ ਸੰਦ ਅਤੇ ਮਸ਼ੀਨਰੀ ਮੁਹੱਈਆ ਨਹੀਂ ਕਰਦੀਆਂ। ਅਸਲ ਵਿਚ ਕਿਰਾਏ 'ਤੇ ਮਸ਼ੀਨਰੀ ਲੈ ਕੇ ਕੰਮ ਚਲਾਉਣ ਦੀ ਰੀਤ ਨੇ ਪੰਜਾਬ 'ਚ ਜ਼ੋਰ ਹੀ ਨਹੀਂ ਫੜਿਆ। ਸਹਿਕਾਰੀ ਸੇਵਾ ਕੇਂਦਰ ਅਤੇ ਕਿਸਾਨ ਐਗਰੋ ਕੇਂਦਰ ਅਜਿਹੀ ਸੇਵਾ ਦੇਣ ਲਈ ਕਿਸਾਨਾਂ ਨੂੰ ਉਪਯੋਗੀ ਸਾਬਤ ਨਹੀਂ ਹੋਏ। ਸਹਿਕਾਰੀ ਸਭਾਵਾਂ ਦਾ ਖੇਤਰ ਖਾਦਾਂ ਅਤੇ ਕਰਜ਼ੇ ਦੀ ਵੰਡ ਤੱਕ ਸੀਮਤ ਹੈ। ਕਈ ਥਾਵਾਂ 'ਤੇ ਜਿਵੇਂ ਪਟਿਆਲਾ ਜ਼ਿਲ੍ਹੇ 'ਚ ਪਿਛਲੇ 8 ਸਾਲਾਂ ਤੋਂ ਸਹਿਕਾਰੀ ਸੁਸਾਇਟੀਆਂ 'ਚ 'ਹੱਦ ਕਰਜ਼ੇ' (ਕਰਜ਼ਿਆਂ ਦੀਆਂ ਲਿਮਟਾਂ) ਹੀ ਨਹੀਂ ਬਣੇ, ਜਿਸ ਕਾਰਨ ਨਵੇਂ ਮੈਂਬਰਾਂ ਨੂੰ ਕਰਜ਼ੇ ਦੀ ਸਹੂਲੀਅਤ ਸਹਿਕਾਰੀ ਸਭਾਵਾਂ ਤੋਂ ਨਹੀਂ ਮਿਲ ਰਹੀ। ਛੋਟੇ ਤੇ ਬੇਜ਼ਮੀਨੇ ਕਿਸਾਨ ਖੇਤੀ ਵਿਚ ਕੰਮ ਆਉਣ ਵਾਲੀਆਂ ਵਸਤੂਆਂ ਉਧਾਰ ਲੈ ਕੇ ਆਪਣਾ ਕੰਮ ਚਲਾਉਂਦੇ ਹਨ ਅਤੇ ਇਸ ਲਈ ਦੁਕਾਨਦਾਰਾਂ, ਆੜ੍ਹਤੀਆਂ ਅਤੇ ਵਪਾਰੀਆਂ 'ਤੇ ਨਿਰਭਰ ਕਰਦੇ ਹਨ। ਤਜਾਰਤੀ ਬੈਂਕਾਂ ਤੱਕ ਛੋਟੇ ਕਿਸਾਨਾਂ ਤੇ ਬੇਜ਼ਮੀਨਿਆਂ ਦੀ ਬਹੁਤ ਘੱਟ ਪਹੁੰਚ ਹੁੰਦੀ ਹੈ। ਇਸ ਗੰਭੀਰ ਸਥਿਤੀ ਦਾ ਮਾੜਾ ਪ੍ਰਭਾਵ ਇਹ ਪੈ ਰਿਹਾ ਹੈ ਕਿ ਪਿੰਡਾਂ ਦੀ ਜਨਸੰਖਿਆ ਖਾਸ ਕਰਕੇ ਨੌਜਵਾਨ ਪੀੜ੍ਹੀ ਤੇ ਬੇਜ਼ਮੀਨੇ ਕਿਸਾਨ ਸ਼ਹਿਰਾਂ ਵੱਲ ਭੱਜ ਰਹੇ ਹਨ। ਨੌਜਵਾਨ ਪੀੜ੍ਹੀ ਤਾਂ ਜ਼ਮੀਨਾਂ ਦੇ ਟੁਕੜੇ ਵੇਚ ਕੇ ਵੀ ਵਿਦੇਸ਼ ਜਾਣ ਲਈ ਉਤਾਵਲੀ ਹੈ।

ਇਨ੍ਹਾਂ ਸਾਰੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਕਿਸਾਨਾਂ 'ਚ ਖੇਤੀ ਗਿਆਨ ਤੇ ਵਿਗਿਆਨ ਵਧਾਉਣ ਦੀ ਲੋੜ ਹੈ। ਖੇਤੀ ਪ੍ਰਸਾਰ ਸੇਵਾ ਜੋ ਸਬਜ਼ ਇਨਕਲਾਬ ਸ਼ੁਰੂ ਹੋਣ ਵੇਲੇ ਕਿਸਾਨਾਂ ਕੋਲ ਖੇਤਾਂ 'ਚ ਪਹੁੰਚਦੀ ਸੀ, ਹੁਣ ਬਲਾਕਾਂ ਤੇ ਖੇਤੀ ਵਿਭਾਗ ਦੇ ਦਫਤਰਾਂ ਤੱਕ ਹੀ ਸੀਮਿਤ ਹੈ। ਨਵੀਂ ਤਕਨਾਲੋਜੀ, ਖੋਜ ਅਤੇ ਨਵੇਂ ਬੀਜ ਦੂਰ-ਦੁਰਾਡੇ ਪਿੰਡਾਂ 'ਚ ਖਾਸ ਕਰਕੇ ਛੋਟੇ ਕਿਸਾਨਾਂ ਤੱਕ ਅੱਜੇ ਵੀ ਨਹੀਂ ਪਹੁੰਚ ਰਹੇ। ਇਸੇ ਕਰਕੇ ਉਤਪਾਦਕਤਾ 'ਚ ਬੜੇ ਅੰਤਰ ਹਨ। ਵੱਖੋ-ਵੱਖ ਕਿਸਾਨਾਂ ਵਜੋਂ ਵੱਖੋ-ਵੱਖ ਪਿੰਡਾਂ 'ਚੋਂ ਪ੍ਰਾਪਤ ਕੀਤਾ ਜਾ ਰਿਹਾ ਫਸਲਾਂ ਦਾ ਪ੍ਰਤੀ ਏਕੜ ਝਾੜ ਵੱਖੋ-ਵੱਖ ਹੈ। ਪੀ. ਏ. ਯੂ. ਅਤੇ ਖੇਤੀਬਾੜੀ ਵਿਭਾਗ ਵਲੋਂ ਕਿਸਾਨ ਮੇਲੇ ਤੇ ਕਿਸਾਨ ਸਿਖਲਾਈ ਕੈਂਪ ਲਗਾਏ ਜਾ ਰਹੇ ਹਨ, ਪਰ ਇਨ੍ਹਾਂ 'ਚ ਹਰ ਸਾਲ ਉਹ ਹੀ ਚਿਹਰੇ ਪਹੁੰਚੇ ਨਜ਼ਰ ਆਉਂਦੇ ਹਨ, ਜੋ ਕਿਸਾਨ ਨਵੇਂ ਗਿਆਨ, ਵਿਗਿਆਨ ਤੋਂ ਵਾਂਝੇ ਰਹਿ ਗਏ, ਉਨ੍ਹਾਂ ਦੀ ਪਹੁੰਚ ਨਹੀਂ ਹੁੰਦੀ। ਅਜਿਹੇ ਕਿਸਾਨਾਂ ਦਾ ਗਿਆਨ ਤੇ ਆਮਦਨ ਵਧਾਉਣ ਲਈ ਉਨ੍ਹਾਂ ਨੂੰ ਪਿੰਡਾਂ 'ਚ ਹੀ ਨਵੀਂ ਖੇਤੀ ਖੋਜ ਅਤੇ ਖੇਤੀ ਪ੍ਰਸਾਰ ਸੇਵਾ ਪਹੁੰਚਾਉਣੀ ਚਾਹੀਦੀ ਹੈ। ਨਵੀਂ ਖੋਜ ਤੇ ਤਕਨੀਕਾਂ ਅੰਦਰਲੇ ਪਿੰਡਾਂ ਦੇ ਛੋਟੇ ਕਿਸਾਨਾਂ ਤੇ ਪੱਟੇਦਾਰਾਂ ਤੱਕ ਨਾ ਪਹੁੰਚਦੀਆਂ ਹਨ ਅਤੇ ਨਾ ਹੀ ਇਨ੍ਹਾਂ ਨੂੰ ਅਪਣਾਉਣ ਲਈ ਉਨ੍ਹਾਂ ਨੂੰ ਲੋੜੀਂਦੇ ਸਾਧਨ ਮੁਹੱਈਆ ਕੀਤੇ ਗਏ ਹਨ। ਕਿਸਾਨਾਂ ਦੀ ਆਰਥਿਕ ਹਾਲਤ ਖਰਾਬ ਹੋਣ ਦੇ ਬਾਵਜੂਦ ਪੰਜਾਬ ਲਗਾਤਾਰ ਕੇਂਦਰੀ ਅੰਨ੍ਹ ਭੰਡਾਰ 'ਚ ਕਣਕ ਤੇ ਚੌਲ ਦੇ ਕੇ ਆਪਣਾ ਯੋਗਦਾਨ ਪਾ ਰਿਹਾ ਹੈ। ਭਾਂਵੇਂ ਇਸ ਲਈ ਜ਼ਮੀਨ ਥੱਲੇ ਪਾਣੀ ਤੇ ਜ਼ਮੀਨ ਦੀ ਉਪਜਾਊ ਸ਼ਕਤੀ ਲੋੜ ਨਾਲੋਂ ਵੱਧ ਵਰਤੀ ਜਾ ਰਹੀ ਹੈ। ਕਿਸਾਨਾਂ ਨੂੰ ਇਸ ਯੋਗਦਾਨ ਦੇ ਬਦਲੇ ਪੂਰਾ ਮੁਆਵਜ਼ਾ



ਨਹੀਂ ਮਿਲਿਆ। ਉਨ੍ਹਾਂ ਦੀ ਮਾਲੀ ਹਾਲਤ ਸਗੋਂ ਕਮਜ਼ੋਰ ਹੋਈ ਹੈ। (ਭਾਵੇਂ ਇਸ ਲਈ ਕੁਝ ਹੱਦ ਤੱਕ ਉਨ੍ਹਾਂ ਦੇ ਰਹਿਣ-ਸਹਿਣ ਅਤੇ ਵੱਧ ਰਹੇ ਸਮਾਜਿਕ ਖਰਚੇ ਵੀ ਜ਼ਿੰਮੇਵਾਰ ਹਨ)।

ਭਾਵੇਂ ਪੰਜਾਬ ਦੀ ਉਤਪਾਦਕਤਾ ਮੁਲਕ ਦੇ ਦੂਜੇ ਸੂਬਿਆਂ ਨਾਲੋਂ ਵੱਧ ਹੈ, ਪਰ ਇਹ ਅੰਤਰਰਾਸ਼ਟਰੀ ਪੱਧਰ 'ਤੇ ਘੱਟ ਹੈ। ਚੀਨ ਦੀ ਅਨਾਜ ਦੀ ਉਪਜ ਭਾਰਤ ਨਾਲੋਂ ਕਿਤੇ ਵੱਧ ਹੈ, ਜਦੋਂ ਕਿ ਕਾਸ਼ਤ ਥੱਲੇ ਰਕਬਾ ਘੱਟ ਹੈ। ਚੀਨ ਦੀ ਖੇਤੀ ਖੇਤਰ 'ਚ ਹੈਰਾਨਕੁੰਨ ਪ੍ਰਾਪਤੀ ਦਾ ਰਾਜ਼ ਉਸ ਵੱਲੋਂ ਕਿਸਾਨਾਂ ਨੂੰ ਦਿੱਤੀ ਗਈ ਸਹਾਇਤਾ ਦੇ ਪੱਧਰ ਵਜੋਂ ਹੈ। ਪੰਜਾਬ ਅਤੇ ਭਾਰਤ 'ਚ ਕੀਮਿਆਈ ਖਾਦਾਂ, ਮਸ਼ੀਨਰੀ, ਪਾਣੀ ਆਦਿ 'ਤੇ ਦਿੱਤੀਆਂ ਜਾ ਰਹੀਆਂ ਸਬਸਿਡੀਆਂ ਚੀਨ ਵਲੋਂ ਕਿਸਾਨਾਂ ਨੂੰ ਦਿੱਤੀ ਜਾ ਰਹੀ ਇਮਦਾਦ ਤੋਂ ਕਿਤੇ ਘੱਟ ਹਨ, ਜੋ ਇੱਥੇ ਜਿਣਸਾਂ ਦੀ ਸਰਕਾਰੀ ਕੀਮਤ ਮੁਕੱਰਰ ਕੀਤੀ ਜਾ ਰਹੀ ਹੈ, ਉਹ ਵੀ ਚੀਨ ਨਾਲੋਂ ਘੱਟ ਹੈ। ਕਿਸਾਨਾਂ ਨੂੰ ਕੇਂਦਰ ਵਲੋਂ ਯੋਗ ਸਹਾਇਤਾ ਦਿੱਤੇ ਜਾਣ ਦੀ ਲੋੜ ਹੈ। ਬਾਸਮਤੀ ਦੀ ਘੱਟੋ-ਘੱਟ ਸਹਾਇਕ ਕੀਮਤ ਮੁਕੱਰਰ ਕੀਤੀ ਜਾਣੀ ਬਹੁਤ ਜ਼ਰੂਰੀ ਹੈ ਤਾਂ ਕਿ ਝੋਨੇ ਦੀ ਕਾਸ਼ਤ ਥੱਲੇ ਕੁਝ ਰਕਬਾ ਘਟੇ ਅਤੇ ਬਾਸਮਤੀ ਰਾਹੀਂ ਕਿਸਾਨਾਂ ਦੀ ਆਮਦਨ 'ਚ ਕੁਝ ਵਾਧਾ ਹੋਵੇ। ਭਾਰਤ 'ਚ ਬਣਾਏ ਜਾ ਰਹੇ ਐਗਰੋਕੈਮੀਕਲਜ਼ ਵਿਦੇਸ਼ਾਂ ਨੂੰ ਬਰਾਮਦ ਕੀਤੇ ਜਾ ਰਹੇ ਹਨ। ਇਸ ਬਰਾਮਦ ਨੂੰ ਵਧਾ ਕੇ ਹੋਰ ਵਧੇਰੇ ਵਿਦੇਸ਼ ਮੁਦਰਾ ਕਮਾਈ ਜਾ ਸਕਦੀ ਹੈ। ਜੋ ਖੇਤੀ ਦੇ ਵਿਕਾਸ ਲਈ ਕੰਮ ਆਏਗੀ। ਜੋ ਖੇਤੀ ਖੋਜ 'ਚ ਕਮੀ ਆਈ ਹੈ, ਉਸ ਨੂੰ ਵਧਾਉਣ ਲਈ ਕੇਂਦਰ ਨੂੰ ਪੀ.ਏ.ਯੂ. ਅਤੇ ਆਈ. ਸੀ. ਆਈ. ਏ. ਆਰ. ਆਈ. ਏ. ਆਈ. ਆਈ ਜਿਹੀਆਂ ਖੋਜ ਸੰਸਥਾਵਾਂ ਨੂੰ ਵਧੇਰੇ ਮਾਲੀ ਇਮਦਾਦ ਦੇ ਕੇ ਖੋਜ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ। ਇਸ ਤਰ੍ਹਾਂ ਕਿਸਾਨਾਂ ਦੀ ਤਰਸਯੋਗ ਹਾਲਤ 'ਚ ਸੁਧਾਰ ਆ ਸਕਦਾ ਹੈ ਅਤੇ ਖੇਤੀ ਸੰਕਟ ਨੂੰ ਦੂਰ ਕੀਤਾ ਜਾ ਸਕਦਾ ਹੈ।

# ਗੰਡੋਇਆ ਖਾਦ ਤਿਆਰ ਕਰਨ ਲਈ ਤਕਨੀਕੀ ਨੁਕਤੇ ਅਪਨਾਓ

ਜੈਵਿਕ ਖਾਦ ਦੇ ਤੌਰ ਤੇ ਗੰਡੋਆ ਖਾਦ ਵਰਤਣਾ ਇਕ ਵਧੀਆ ਵਿਕਲਪ ਹੈ। ਗੰਡੋਆ ਖਾਦ ਪੌਸ਼ਟਿਕ ਤੱਤਾਂ ਨਾਲ ਭਰਪੂਰ ਜੈਵਿਕ ਖਾਦ ਹੈ, ਜੋ ਮਿੱਟੀ ਲਈ ਕੀਮਤੀ ਪਦਾਰਥ ਬਣਾ ਕੇ ਮਿੱਟੀ ਦੀ ਉਪਜਾਊ ਸ਼ਕਤੀ ਵਧਾਉਣ ਮਿੱਟੀ ਦੇ ਢਾਂਚੇ ਵਿਚ ਸੁਧਾਰ ਕਰਨ ਅਤੇ ਪੌਦਿਆਂ ਦੇ ਵਾਧੇ ਵਿੱਚ ਸਹਾਇਤਾ ਕਰਦੀ ਹੈ।



**ਗੰਡੋਆ ਖਾਦ ਕਿਰਿਆ**

ਗੰਡੋਏ ਹਰ ਤਰ੍ਹਾਂ ਦੇ ਕਾਰਬਨਿਕ ਜੈਵਿਕ ਪਦਾਰਥ ਜਿਵੇਂ ਕਿ ਗਲੇ ਸੜੇ ਪੱਤੇ, ਬੂਟੇ ਦੀਆਂ ਜੜ੍ਹਾਂ, ਸਬਜ਼ੀਆਂ ਦੀ ਰਹਿੰਦ ਖੂੰਹਦ, ਨਿਮਾਟੋਡ, ਬੈਕਟੀਰੀਆ, ਉੱਲੀ ਆਦਿ ਨੂੰ ਖਾਂਦੇ ਹਨ ਅਤੇ ਇਹਨਾਂ ਦੇ ਸੜਨ ਗਲਣ ਵਿਚ ਮਦਦ ਕਰਦੇ ਹਨ। ਇਹ ਸਾਰੀ ਪ੍ਰਕਿਰਿਆ ਗੰਡੋਆ ਖਾਦ ਕਿਰਿਆ ਕਹਾਉਂਦੀ ਹੈ। ਗੰਡੋਏ ਇਕ ਦਿਨ ਵਿਚ ਆਪਣੇ ਭਾਰ ਦੇ ਤੀਜੇ ਹਿੱਸੇ ਜਿੰਨੀ ਖੁਰਾਕ ਖਾ ਸਕਦੇ ਹਨ।

**ਗੰਡੋਆ ਖਾਦ ਬਣਾਉਣ ਦੀ ਵਿਧੀ**

ਵਰਮੀ-ਕੰਪੋਸਟ ਤਿਆਰ ਕਰਨ ਲਈ 3 ਫੁੱਟ ਚੌੜਾ ਅਤੇ 2 ਫੁੱਟ ਉੱਚਾ ਬੈੱਡ ਤਿਆਰ ਕਰਨ ਦੀ ਲੋੜ ਹੁੰਦੀ ਹੈ। ਬੈੱਡ ਦੀ ਲੰਬਾਈ ਜਗ੍ਹਾ ਅਨੁਸਾਰ 6 ਤੋਂ 10 ਫੁੱਟ ਤੱਕ ਹੋ ਸਕਦੀ ਹੈ। ਫਰਸ਼ ਪੱਕਾ ਹੋਣ ਕਰਕੇ ਪਸ਼ੂਆਂ ਦਾ ਮਲ ਮੂਤਰ ਥੱਲੇ ਨਹੀਂ ਰਿਸਦਾ ਅਤੇ ਗੰਡੋਏ ਵੀ ਥੱਲੇ ਨਹੀਂ ਖਿਸਕਦੇ। ਸਭ ਤੋਂ ਪਹਿਲਾਂ ਬੈੱਡ ਵਿਚ 2-3 ਇੰਚ ਪਰਾਲੀ ਦੀ ਤਹਿ ਵਿਛਾਉਣੀ ਚਾਹੀਦੀ ਹੈ। ਪਰਾਲੀ ਨੂੰ ਚੰਗੀ ਤਰ੍ਹਾਂ ਗਿੱਲਾ ਕਰ ਲੈਣਾ ਜ਼ਰੂਰੀ ਹੈ ਪਰ ਫਰਸ਼ ਤੇ ਪਾਣੀ ਨਹੀਂ ਖੜ੍ਹਨਾ ਚਾਹੀਦਾ। ਇਸ ਨਾਲ ਕਾਫੀ ਸਮੇਂ ਤੱਕ ਢੇਰ ਵਿਚ ਨਮੀਂ ਬਣੀ ਰਹਿੰਦੀ ਹੈ। ਇਸ ਵਿਚ ਉੱਪਰ 1.5 ਤੋਂ 2 ਫੁੱਟ ਗੋਹਾ ਪਾਓ। ਤਾਜਾ ਗੋਹਾ ਨਹੀਂ ਪਾਉਣਾ ਚਾਹੀਦਾ, ਕਿਉਂਕਿ ਇਸ ਵਿਚ ਤਾਪਮਾਨ ਅਤੇ ਗੈਸਾਂ ਦੀ ਮਾਤਰਾ ਜ਼ਿਆਦਾ ਹੁੰਦੀ ਹੈ, ਜੋ ਗੰਡੋਇਆਂ ਨੂੰ ਨੁਕਸਾਨ ਪਹੁੰਚਾ ਸਕਦੀ ਹੈ। ਲਗਭਗ 4-5 ਦਿਨ ਪੁਰਾਣਾ ਗੋਹਾ ਠੀਕ ਰਹਿੰਦਾ ਹੈ। ਗੋਬਰ ਪਾਉਣ ਤੋਂ ਬਾਅਦ 2 ਤੋਂ 3 ਕਿੱਲੋ ਗੰਡੋਏ ਪ੍ਰਤੀ ਬੈੱਡ (ਲੰਬਾਈ ਤੇ ਅਧਾਰ ਤੇ) ਦੀ ਦਰ ਨਾਲ ਖਿਲਾਰ ਦੇਣੇ ਚਾਹੀਦੇ ਹਨ। ਇਸ ਤੋਂ ਬਾਅਦ ਇਨ੍ਹਾਂ ਨੂੰ ਗਿੱਲੀ ਕੀਤੀ ਪਰਾਲੀ ਅਤੇ ਗੋਹੇ ਨਾਲ ਢੱਕ ਦੇਣਾ ਚਾਹੀਦਾ ਹੈ। ਗੰਡੋਇਆਂ ਨੂੰ ਸਿੱਧੀ ਧੁੱਪ ਤੋਂ ਬਚਾਉਣ ਲਈ ਸ਼ੈੱਡ ਬਣਾਉਣ ਦੀ ਲੋੜ ਹੈ। ਸ਼ੈੱਡ ਗਰਮੀ ਅਤੇ ਸਰਦੀ ਤੋਂ ਬਚਾ ਸਕਦਾ ਹੈ ਅਤੇ ਤੇਜ ਮੀਂਹ ਕਣੀ ਨੂੰ ਵੀ ਰੋਕਦਾ ਹੈ। ਨਮੀਂ ਬਣਾਣ ਲਈ ਪਾਣੀ ਦਾ ਛਿੜਕਾਅ ਜਰੂਰੀ ਹੈ। ਗਰਮੀਆਂ ਵਿਚ ਇਹ ਛਿੜਕਾਅ ਦਿਨ ਵਿਚ ਮੌਸਮ ਮੁਤਾਬਕ 2-3 ਵਾਰੀ ਵੀ ਕਰਨਾ ਪੈ ਸਕਦਾ ਹੈ ਅਤੇ ਸਰਦੀਆਂ ਵਿਚ 2-3 ਦਿਨ ਬਾਅਦ ਛਿੜਕਾਅ ਦੀ ਲੋੜ ਪੈ ਸਕਦੀ ਹੈ। ਇਸ ਖਾਦ ਨੂੰ ਤਿਆਰ ਹੋਣ 'ਚ 2 ਤੋਂ 3 ਮਹੀਨੇ ਲਗਦੇ ਹਨ।

**ਖਾਦ ਨੂੰ ਗੰਡੋਇਆਂ ਤੋਂ ਅਲੱਗ ਕਰਨਾ**

ਤਿਆਰ ਖਾਦ ਇਕਸਾਰ, ਦਾਣੇਦਾਰ, ਕਾਲੇ ਰੰਗ ਅਤੇ ਮਹਿਕ ਰਹਿਤ ਹੁੰਦੀ ਹੈ। ਇਸਨੂੰ ਗੰਡੋਇਆਂ ਤੋਂ ਅਲੱਗ ਕਰਨ ਲਈ ਬੈੱਡ ਵਿਚ ਨਮੀਂ ਘਟਾ ਦਿੱਤੀ ਜਾਂਦੀ ਹੈ। ਇਸ ਨਾਲ ਗੰਡੋਏ ਥੋੜੇ ਥੱਲੇ ਖਿਸਕ ਜਾਂਦੇ ਹਨ। ਕੰਪੋਸਟ ਦੀ ਢੇਰੀ ਉੱਪਰੋਂ ਅਲਗ ਕਰ ਲਈ ਜਾਂਦੀ ਹੈ। ਕੰਪੋਸਟ ਨੂੰ 9 ਅਤੇ 10 ਨੰਬਰ ਦੀ ਛਾਨਣੀ ਨਾਲ ਛਾਣਿਆ ਜਾਂਦਾ ਹੈ। 10 ਨੰਬਰ ਦੀ ਸੀਵ ਸੰਘਣੀ ਹੁੰਦੀ ਹੈ ਅਤੇ ਇਹ ਗੰਡੋਏ ਦੇ ਬੱਚੇ ਅਤੇ ਕਕੂਨ ਨੂੰ ਰੋਕਦੀ ਹੈ, ਜੋ ਨਵੇਂ ਬੈੱਡ ਵਿਚ ਪ੍ਰਯੋਗ ਕੀਤੇ ਜਾ ਸਕਦੇ ਹਨ।

**ਹਰਪ੍ਰੀਤ ਕੌਰ ਅਤੇ ਗੁਰਮੇਲ ਸਿੰਘ ਸੰਧੂ, ਕ੍ਰਿਸ਼ੀ ਵਿਗਿਆਨ ਕੇਂਦਰ, ਫਿਰੋਜ਼ਪੁਰ** (ਮੋ. 99149-25319)



# ਟਿਕਾਊ ਖੇਤੀ ਲਈ ਪਾਣੀ ਦੀ ਸੁਚੱਜੀ ਵਰਤੋਂ ਸਮੇਂ ਦੀ ਲੋੜ

ਮੱਖਣ ਸਿੰਘ ਭੁੱਲਰ,
ਨਿਰਦੇਸ਼ਕ ਪਸਾਰ ਸਿੱਖਿਆ

ਪੰਜਾਬ ਸੂਬੇ ਨੇ ਪੂਰੇ ਭਾਰਤ ਨੂੰ ਖੁਰਾਕ ਉਤਪਾਦਨ ਵਿਚ ਸਵੈ-ਨਿਰਭਰ ਬਣਾਉਣ ਵਿਚ ਬੇਹੱਦ ਅਹਿਮ ਯੋਗਦਾਨ ਪਾਇਆ ਹੈ। ਇਸ ਛੋਟੇ ਸੂਬੇ ਨੇ ਦੇਸ਼ ਲਈ ਖੁਰਾਕੀ ਸੁਰੱਖਿਆ ਨੂੰ ਯਕੀਨੀ ਬਨਾਉਣ ਦੇ ਨਾਲ-ਨਾਲ ਦੇਸ਼ ਦੀ ਖੇਤੀ ਨਿਰਯਾਤ ਵਿਚ ਵੀ ਵਾਧਾ ਕੀਤਾ ਹੈ। ਹਾਲਾਂਕਿ ਇਹ ਸਫਲਤਾ ਕੁਦਰਤੀ ਸਰੋਤਾਂ ਖਾਸ ਕਰਕੇ ਧਰਤੀ ਹੇਠਲੇ ਪਾਣੀ ਦੇ ਜ਼ਿਆਦਾ ਸੋਸ਼ਣ ਦੀ ਕੀਮਤ 'ਤੇ



ਮਿਲੀ ਹੈ। ਪੰਜਾਬ ਵਿਚ ਝੋਨੇ ਹੇਠ ਰਕਬਾ 1980-81 ਵਿਚ ਜੋ ਕਿ ਸਿਰਫ 11.8 ਲੱਖ ਹੈਕਟੇਅਰ ਸੀ ਵੱਧ ਕੇ 2024-25 ਵਿਚ 32.4 ਲੱਖ ਹੈਕਟੇਅਰ ਹੋ ਗਿਆ ਹੈ। ਇਸ ਤਬਦੀਲੀ ਦੇ ਨਤੀਜੇ ਵਜੋਂ ਕਪਾਹ, ਮੱਕੀ ਅਤੇ ਦਾਲਾਂ ਵਰਗੀਆਂ ਰਵਾਇਤੀ ਫਸਲਾਂ ਦੇ ਅਧੀਨ ਰਕਬੇ ਵਿਚ ਤਿੱਖੀ ਗਿਰਾਵਟ ਆਈ ਹੈ। ਮੌਜੂਦਾ ਫਸਲੀ ਪ੍ਰਣਾਲੀ ਦੀਆਂ ਸਿੰਚਾਈ ਜ਼ਰੂਰਤਾਂ ਪੂਰੀਆਂ ਕਰਨ ਲਈ 14.8 ਲੱਖ ਟਿਊਬਵੈੱਲ ਚੱਲ ਰਹੇ ਹਨ ਜੋ ਕਿ ਸਾਲ 1960-61 ਵਿਚ ਸਿਰਫ 26,000 ਸਨ। ਇਸ ਵੇਲੇ ਪੰਜਾਬ ਦਾ ਕੁੱਲ ਸਿੰਚਾਈ ਖੇਤਰ 41.07 ਲੱਖ ਹੈਕਟੇਅਰ ਹੈ, ਜਿਸ ਵਿਚ 71.9% ਰਕਬਾ (29.55 ਲੱਖ ਹੈਕਟੇਅਰ) ਟਿਊਬਵੈੱਲ ਨਾਲ 28.1% ਰਕਬਾ (11.55 ਲੱਖ ਹੈਕਟੇਅਰ) ਨਹਿਰੀ ਪਾਣੀ ਨਾਲ ਸਿੰਜਿਆ ਜਾਂਦਾ ਹੈ। ਇਸ ਸਮੇਂ ਔਸਤਨ, ਇੱਕ ਟਿਊਬਵੈੱਲ ਤਕਰੀਬਨ ਹਰ 7 ਏਕੜ ਵਿੱਚੋਂ ਧਰਤੀ ਹੇਠਲਾ ਪਾਣੀ ਕੱਢ ਰਿਹਾ ਹੈ, ਜੋ ਰਾਜ ਦੇ ਪਾਣੀ ਦੇ ਸੰਤੁਲਨ ਨੂੰ ਬੁਰੀ ਤਰ੍ਹਾਂ ਵਿਗਾੜ ਰਿਹਾ ਹੈ। ਪੰਜਾਬ ਦੀ 70% ਤੋਂ ਵੱਧ ਜ਼ਮੀਨ, ਖਾਸ ਕਰਕੇ ਕੇਂਦਰੀ ਜ਼ਿਲ੍ਹਿਆਂ ਵਿੱਚ ਬਹੁਤ ਜ਼ਿਆਦਾ ਪਾਣੀ ਦੀ ਕਮੀ ਦਾ ਸਾਹਮਣਾ ਕਰ ਰਹੀ ਹੈ। ਕੇਂਦਰੀ ਭੂ-ਜਲ ਬੋਰਡ (2024) ਦੁਆਰਾ ਕੀਤੇ ਹਾਲ ਦੇ ਮੁਲਾਂਕਣ ਅਨੁਸਾਰ, ਰਾਜ ਦਾ ਕੁੱਲ ਸਾਲਾਨਾ ਭੂਮੀਗਤ ਪਾਣੀ ਰੀਚਾਰਜ 19.19 ਬਿਲੀਅਨ ਕਿਊਬਿਕ ਮੀਟਰ ਹੈ ਜਦੋਂ ਕਿ 17.63 ਬਿਲੀਅਨ ਕਿਊਬਿਕ ਮੀਟਰ ਸਲਾਨਾ ਕਿਊਬਿਕ ਮੀਟਰ ਸਲਾਨਾ ਕੱਢਣ ਯੋਗ ਭੂਮੀਗਤ ਜਲ ਭੰਡਾਰ ਹੈ। ਪ੍ਰੰਤੂ ਸਾਲਾਨਾ ਭੂਮੀਗਤ ਪਾਣੀ ਦੀ ਨਿਕਾਸੀ 27.66 ਬਿਲੀਅਨ ਕਿਊਬਿਕ ਮੀਟਰ ਹੈ ਜੋ ਕਿ ਧਰਤੀ ਹੇਠਲੇ ਪਾਣੀ ਦੀ ਨਿਕਾਸੀ 156.87% ਦੀ ਦਰ ਨਾਲ ਕਿੱਤੇ ਵੱਧ ਹੈ। ਤਿੰਨ ਸ਼ਹਿਰੀ ਖੇਤਰਾਂ ਸਮੇਤ 153 ਮੁਲਾਂਕਣ ਇਕਾਈਆਂ ਵਿੱਚੋਂ, 115 ਇਕਾਈਆਂ (75.16%) 'ਵੱਧ-ਸ਼ੋਸ਼ਿਤ ਸ਼੍ਰੇਣੀ', ਚਾਰ ਇਕਾਈਆਂ (2.61%) 'ਨਾਜ਼ੁਕ' ਸ਼੍ਰੇਣੀ ਅਤੇ 12 ਇਕਾਈਆਂ (7.84%) 'ਅਰਧ ਨਾਜ਼ੁਕ' ਸ਼੍ਰੇਣੀ ਵਿਚ ਹਨ। ਸਿਰਫ 22 ਇਕਾਈਆਂ (14.38%) ਨੂੰ 'ਸੁਰੱਖਿਅਤ ਸ਼੍ਰੇਣੀ' ਵਜੋਂ ਸ਼੍ਰੇਣੀਬੱਧ ਕੀਤਾ ਗਿਆ ਹੈ। ਪੂਰੇ ਸੂਬੇ ਦੇ ਰੀਚਾਰਜ ਯੋਗ ਖੇਤਰ ਦਾ 71.32% ਜ਼ਿਆਦਾ-ਸ਼ੋਸ਼ਿਤ ਸ਼੍ਰੇਣੀ' ਦੇ ਅਧੀਨ ਹੀ ਆਉਂਦਾ ਹੈ ਅਤੇ ਸਿਰਫ 17.87% ਨੂੰ 'ਸੁਰੱਖਿਅਤ ਸ਼੍ਰੇਣੀ' ਵਜੋਂ ਸ਼੍ਰੇਣੀਬੱਧ ਕੀਤਾ ਗਿਆ ਹੈ। ਰਾਜ ਭਰ ਵਿਚ ਸਾਲ 2022 ਵਿਚ ਕੀਤੇ ਗਏ ਨਿਰੀਖਣ ਖੂਹਾਂ/ਪੀਜ਼ੋਮੀਟਰ ਦੇ ਅੰਕੜੇ ਦਰਸਾਉਂਦੇ ਹਨ ਕਿ ਧਰਤੀ ਹੇਠਲੇ ਪਾਣੀ ਦਾ ਪੱਧਰ ਤੇਜ਼ੀ ਨਾਲ ਬਦਲ ਰਿਹਾ ਹੈ। ਫਰੀਦਕੋਟ ਜ਼ਿਲ੍ਹੇ ਦੇ ਮਹਿਮੂਆਣਾ ਵਿਚ ਜ਼ਮੀਨੀ ਪਾਣੀ ਦਾ ਪੱਧਰ 0.13 ਮੀਟਰ ਜ਼ਮੀਨ ਦੀ ਸਤ੍ਹਾ ਤੋਂ ਹੇਠਾਂ (ਬੀ. ਜੀ. ਐੱਲ) ਅਤੇ ਹੁਸ਼ਿਆਰਪੁਰ ਦੇ ਬੱਸੀ ਬੱਲੋ ਵਿਚ 65.87 ਮੀਟਰ (ਬੀ. ਜੀ. ਐੱਲ) ਤੱਕ ਡੂੰਘਾ ਗਿਆ ਹੈ। ਫਾਜ਼ਿਲਕਾ, ਮੁਕਤਸਰ, ਫਰੀਦਕੋਟ, ਪਠਾਨਕੋਟ ਅਤੇ ਗੁਰਦਾਸਪੁਰ ਦੇ ਕੁਝ ਖੇਤਰਾਂ ਵਿਚ ਸੂਬੇ ਦੇ ਤਕਰੀਬਨ 2% ਹਿੱਸੇ ਵਿਚ ਪਾਣੀ ਦੀ ਪੱਧਰ ਸਿਰਫ 0.2 ਮੀਟਰ ਹੈ ਜੋ ਕਿ ਸੇਮ ਦਾ ਕਾਰਨ ਬਣਦਾ ਹੈ। ਤਕਰੀਬਨ 9% ਖੇਤਰ ਵਿਚ ਪਾਣੀ ਦੀ ਪੱਧਰ (2-5 ਮੀਟਰ) ਤੇ ਹੈ ਜੋ ਕਿ ਮੁੱਖ ਤੌਰ 'ਤੇ ਨਹਿਰੀ ਸਿੰਜਾਈ ਵਾਲੇ ਖੇਤਰਾਂ੧ ਵਿਚ ਹੈ। ਪੰਜਾਬ ਦੇ ਉੱਤਰੀ, ਉੱਤਰੀ-ਪੂਰਬੀ ਅਤੇ ਦੱਖਣ-ਪੱਛਮੀ ਖੇਤਰਾਂ ਵਿਚ ਜ਼ਮੀਨੀ ਪਾਣੀ ਦਾ ਪੱਧਰ 5-10 ਮੀਟਰ ਦੇ ਵਿਚਕਾਰ ਹੈ, ਜੋ ਕਿ ਸੂਬੇ ਦਾ 13% ਰਕਬਾ ਹੈ। ਅੰਮ੍ਰਿਤਸਰ, ਤਰਨਤਾਰਨ, ਕਪੂਰਥਲਾ, ਸ਼ਹੀਦ ਭਗਤ ਸਿੰਘ ਨਗਰ ਅਤੇ ਲੁਧਿਆਣਾ ਜ਼ਿਲ੍ਹਿਆਂ ਵਿਚ ਪਾਣੀ ਦਾ ਪੱਧਰ 10-20 ਮੀਟਰ ਹੈ ਜੋ ਕਿ ਰਾਜ ਦੇ 26% ਹਿੱਸੇ ਨੂੰ ਕਵਰ ਕਰਦੇ ਹਨ। ਡੂੰਘੇ ਪਾਣੀ ਦਾ ਪੱਧਰ ਭਾਵ ਕਿ 20-40 ਮੀਟਰ; ਅੰਮ੍ਰਿਤਸਰ, ਜਲੰਧਰ, ਫਤਹਿਗੜ੍ਹ ਸਾਹਿਬ ਅਤੇ ਪਟਿਆਲਾ ਵਰਗੇ ਜ਼ਿਲ੍ਹਿਆਂ ਵਿਚ ਹੈ ਜੋ ਕਿ ਰਾਜ ਦੇ 45% ਹਿੱਸੇ ਨੂੰ ਕਵਰ ਕਰਦਾ ਹੈ। ਸੂਬੇ ਦੇ 4% ਖੇਤਰ ਵਿਚ ਪਾਣੀ ਪੱਧਰ 40 ਮੀਟਰ ਤੋਂ ਵੱਧ ਡੂੰਘਾ ਹੈ ਜੋ ਕਿ ਮੁੱਖ ਤੌਰ 'ਤੇ ਸੰਗਰੂਰ, ਬਰਨਾਲਾ ਅਤੇ ਪਟਿਆਲਾ ਵਿਚ ਹੈ। ਪੰਜਾਬ ਦੀ ਧਰਤੀ ਹੇਠਲੇ ਪਾਣੀ ਦੀ ਕਮੀ ਦਾ ਮੁੱਖ ਕਾਰਨ ਕਣਕ-ਝੋਨੇ ਦਾ ਫਸਲੀ ਚੱਕਰ ਹੈ ਜਿਸ ਨੂੰ 180-200 ਸੈਂਟੀਮੀਟਰ ਸਿੰਚਾਈ ਪਾਣੀ ਦੀ ਲੋੜ ਹੁੰਦੀ ਹੈ। ਇਸ ਲਈ ਧਰਤੀ ਹੇਠਲੇ ਪਾਣੀ ਦੀ ਬੱਚਤ ਕਰਨ ਅਤੇ ਟਿਕਾਊ ਖੇਤੀ ਲਈ ਯੂਨੀਵਰਸਿਟੀ ਦੀਆਂ ਪਾਣੀ ਬੱਚਤ ਕਰਨ ਵਾਲੀਆਂ ਤਕਨੀਕਾਂ ਨੂੰ ਤੁਰੰਤ ਅਪਣਾਉਣ ਦੀ ਸਖਤ ਜ਼ਰੂਰਤ ਹੈ। ਯੂਨੀਵਰਸਿਟੀ ਦੇ ਪਾਣੀ ਦੀ ਬੱਚਤ ਲਈ ਝੋਨੇ ਦੀਆਂ ਘੱਟ ਸਮੇਂ ਵਿਚ ਪੱਕਣ ਵਾਲੀਆਂ ਕਿਸਮਾਂ ਪੀ. ਆਰ.-126, ਪੀ. ਆਰ.-121, ਪੀ. ਆਰ.-128, ਪੀ. ਆਰ.-131 ਆਦਿ ਵਿਕਸਿਤ ਕੀਤੀਆਂ ਹਨ। ਇਹ ਕਿਸਮਾਂ ਵੱਧ ਝਾੜ ਪ੍ਰਦਾਨ ਕਰਨ ਦੇ ਨਾਲ-ਨਾਲ ਲੰਬੀ ਮਿਆਦ ਵਾਲੀਆਂ ਪੂਸਾ ਕਿਸਤਾਂ ਨਾਲੋਂ 15-20% ਘੱਟ ਸਿੰਚਾਈ ਪਾਣੀ ਦੀ ਖਪਤ ਕਰਦੀਆਂ ਹਨ। ਪਿਛਲੇ ਸਾਲ ਝੋਨੇ ਹੇਠ ਕੁੱਲ ਰਕਬੇ ਦੇ ਤਕਰੀਬਨ 74% ਰਕਬੇ ਤੇ ਇਹਨਾਂ ਕਿਸਮਾਂ ਦੀ ਕਾਸ਼ਤ ਕੀਤੀ ਗਈ ਜਿਸ ਵਿੱਚੋਂ 43% ਰਕਬੇ ਵਿਚ ਸਿਰਫ ਪੀ. ਆਰ.-126 ਦੀ ਕਾਸ਼ਤ ਕੀਤੀ ਗਈ। ਝੋਨੇ ਦੀ ਲੁਆਈ ਸਹੀ ਸਮੇਂ ਤੇ ਕਰਕੇ ਪਾਣੀ ਦੀ ਬੱਚਤ ਕੀਤੀ ਜਾ ਸਕਦੀ ਹੈ। ਝੋਨੇ ਦੀ ਲੁਆਈ ਦੀ ਮਿੱਤੀ 10 ਜੂਨ ਕਰਨ ਨਾਲ ਹੀ 1.9 ਬਿਲੀਅਨ ਕਿਊਬਿਕ ਮੀਟਰ ਪਾਣੀ ਦੀ ਬੱਚਤ ਕੀਤੀ ਜਾ ਸਕਦੀ ਹੈ ਅਤੇ ਇਸ ਨੂੰ 10 ਜੂਨ ਤੋਂ 25 ਜੂਨ ਤੱਕ ਤਬਦੀਲ ਕਰਨ ਨਾਲ 2.4 ਬਿਲੀਅਨ ਕਿਊਬਿਕ ਮੀਟਰ ਪਾਣੀ ਦੀ ਬਚ ਸਕਦਾ ਹੈ। ਝੋਨੇ ਦੀ ਸਿੱਧੀ ਬਿਜਾਈ (ਡੀ. ਐਸ. ਆਰ) ਦੀ ਤਕਨੀਕ ਸੂਬੇ ਵਿਚ ਕਾਫੀ ਪ੍ਰਚੱਲਤ ਹੋ ਰਹੀ ਹੈ ਕਿਉਂਕਿ ਇਸ ਨਾਲ 10-20% ਸਿੰਚਾਈ ਪਾਣੀ ਦੀ ਬਚਦਾ ਹੈ। ਪਿਛਲੇ ਸਾਲ 2.53 ਲੱਖ ਏਕੜ ਰਕਬੇ ਵਿੱਚ ਝੋਨੇ ਦੀ ਸਿੱਧੀ ਬਿਜਾਈ ਕੀਤੀ ਗਈ ਸੀ ਜੋ ਕਿ 2023 ਵਿਚ 1.70 ਲੱਖ ਏਕੜ ਵਿੱਚ ਸੀ। ਇਸ ਤੋਂ ਇਲਾਵਾ, ਰਵਾਇਤੀ ਕੱਦੂ ਕਰਕੇ ਲਗਾਏ ਝੋਨੇ ਦੇ ਮੁਕਾਬਲੇ ਜ਼ਮੀਨੀ ਪਾਣੀ ਦੇ ਰੀਚਾਰਜ ਵਿਚ 10-12% ਵਾਧਾ ਕਰਦਾ ਹੈ। ਦਰਮਿਆਨੀਆਂ ਤੋਂ ਭਾਰੀਆਂ ਜ਼ਮੀਨਾਂ ਵਿਚ ਡੀ. ਐਸ. ਆਰ ਵਧੇਰੇ ਢੁੱਕਵੀਂ ਹੈ। ਇੱਥੇ ਇਹ ਵੀ ਵਰਨਣਯੋਗ ਹੈ ਕਿ ਪੰਜਾਬ ਵਿਚ ਲੇਜ਼ਰ ਕਰਾਹੇ ਨੂੰ ਵਿਆਪਕ ਪੱਧਰ ਤੇ ਅਪਣਾਇਆ ਗਿਆ ਹੈ ਅਤੇ ਇਸ ਸਮੇਂ ਲਗਭਗ ਪੂਰੇ ਫਸਲੀ ਖੇਤਰ ਨੂੰ ਇਸ ਤਕਨੀਕ ਨਾਲ ਪੱਧਰਾ ਕੀਤਾ ਗਿਆ ਹੈ। ਇਹ ਤਕਨੀਕ ਪਾਣੀ ਦੀ ਬੱਚਤ ਦੇ ਨਾਲ-ਨਾਲ ਉਤਪਾਦਕਤਾ ਵਿਚ ਵੀ ਵਾਧਾ ਕਰਦੀ ਹੈ। ਛੋਟੇ ਕਿਆਰੇ ਬਣਾਉਣ ਨਾਲ ਵੀ ਪਾਣੀ ਦੀ ਚੋਖੀ ਬਚਤ ਕੀਤੀ ਜਾ ਸਕਦੀ ਹੈ। ਝੋਨੇ ਦੀ ਉਚਿ ਬੈੱਡਾਂ ਉੱਪਰ, ਖਾਸ ਕਰਕੇ ਭਾਰੀਆਂ ਜ਼ਮੀਨਾਂ ਵਿਚ, ਬਿਜਾਈ ਕਰਕੇ ਪਾਣੀ ਦੀ ਵਰਤੋਂ ਨੂੰ ਘਟਾਇਆ ਜਾ ਸਕਦਾ ਹੈ। ਇਸ ਤੋਂ ਇਲਾਵਾ ਝੋਨੇ ਨੂੰ ਸੁੱਕਾ ਹੈ ਪਾਣੀ ਲਾਉਣਾ ਚਾਹੀਦਾ ਹੈ। ਇਸ ਤਕਨੀਕ ਵਿਚ ਕੱਦੂ ਕਰਕੇ ਲਗਾਏ ਝੋਨੇ ਵਿੱਚ ਲਗਾਤਾਰ ਦੋ ਹਫਤਿਆਂ ਤੱਕ ਪਾਣੀ ਖੜ੍ਹਾ ਕਰਨ ਤੋਂ ਬਾਅਦ ਖੇਤ ਨੂੰ ਪਾਣੀ ਉਸ ਵੇਲੇ ਲਗਾਇਆ ਜਾਂਦਾ ਹੈ ਜਦੋਂ ਖੇਤ ਵਿੱਚ ਪਾਣੀ ਜਜ਼ਬ ਹੋਏ ਨੂੰ ਦੋ ਦਿਨ ਹੋ ਗਏ ਹੋਣ। ਇਸ ਵਿਧੀ ਨਾਲ ਵੀ ਲਗਭਗ 10-15% ਸਿੰਚਾਈ ਪਾਣੀ ਦੀ ਬਚਤ ਕੀਤੀ ਜਾ ਸਕਦੀ ਹੈ। ਇਸ ਦੇ ਇਲਾਵਾ ਟੈਂਸ਼ੀਓਮੀਟਰਾਂ ਦੀ ਵਰਤੋਂ ਵੀ ਪਾਣੀ ਦੀ ਬੱਚਤ ਕਰਨ ਵਿਚ ਸਹਾਈ ਹੋ ਸਕਦਾ ਹੈ। ਇਹ ਇੱਕ ਸਧਾਰਨ ਅਤੇ ਬਹੁਤ ਹੀ ਕਿਫਾਇਤੀ ਯੰਤਰ ਹੈ ਅਤੇ ਇਸ ਨਾਲ ਕਿਸਾਨਾਂ ਨੂੰ ਠੀਕ ਸਮੇਂ ਦੀ ਮਿੱਟੀ ਵਿਚਲੀ ਨਮੀਂ ਦੀਆਂ ਸਥਿਤੀਆਂ ਦੇ ਅਧਾਰ ਤੇ ਸਿੰਚਾਈ ਕਰ ਸਕਦਾ ਹੈ। ਇਸ ਵਿਚ ਇਸ ਵਿਧੀ ਨਾਲ ਫਸਲ ਦੀ ਉਤਪਾਦਕਤਾ ਨੂੰ ਘਟਾਏ ਬਿਨ੍ਹਾਂ ਪਾਣੀ ਦੀ ਵਰਤੋਂ ਦੀ ਬੱਚਤ ਕੀਤੀ ਜਾ ਸਕਦੀ ਹੈ। ਝੋਨਾ-ਕਣਕ ਤੋਂ ਬਾਸਮਤੀ-ਕਣਕ ਵਿੱਚ ਤਬਦੀਲੀ ਕਰਨ ਨਾਲ 25% ਤੋਂ ਵੱਧ ਪਾਣੀ ਦੀ ਵੱਧ ਪਾਣੀ ਦੀ ਬਚਤ ਹੋ ਸਕਦੀ ਹੈ। ਸਾਉਣੀ 2024 ਦੌਰਾਨ, ਬਾਸਮਤੀ ਨੇ ਝੋਨੇ ਹੇਠ ਕੁੱਲ ਰਕਬੇ ਦਾ ਲੱਗਭਗ 21% ਖੇਤਰ ਕਵਰ ਕੀਤਾ। ਸਿੰਚਾਈ ਵਾਲੇ ਪਾਣੀ ਦੀ ਬੱਚਤ ਲਈ ਝੋਨੇ ਦੀ ਬਦਲ ਵਜੋਂ ਬਾਸਮਤੀ, ਕਪਾਹ, ਮੱਕੀ ਅਤੇ ਕਮਾਦ ਦੀ ਫਸਲ ਦੀ ਕਾਸ਼ਤ ਕੀਤੀ ਜਾ



ਸਕਦੀ ਹੈ। ਉਦਾਹਰਣ ਦੇ ਤੌਰ 'ਤੇ ਝੋਨਾ-ਕਣਕ ਦਾ ਫਸਲੀ ਚੱਕਰ 180-200 ਸੈਂਟੀਮੀਟਰ ਪਾਣੀ ਦੀ ਖਪਤ ਕਰਦਾ ਹੈ ਜਦੋਂ ਕਿ ਬਾਸਮਤੀ-ਕਣਕ ਸਿਰਫ 140 ਸੈਂਟੀਮੀਟਰ ਪਾਣੀ ਦੀ ਖਪਤ ਕਰਦਾ ਹੈ ਜਿਸ ਨਾਲ ਲਗਭਗ 25% ਸਿੰਚਾਈ ਪਾਣੀ ਦੀ ਬਚਤ ਹੁੰਦੀ ਹੈ। ਇਸੇ ਤਰ੍ਹਾਂ ਮੱਕੀ-ਆਲੂ-ਪਛੇਤੀ ਕਣਕ (110 ਸੈਂਟੀਮੀਟਰ), ਮੱਕੀ-ਕਣਕ-ਬਾਜਰਾ ਚਾਰਾ (120 ਸੈਂਟੀਮੀਟਰ), ਅਰਹਰ-ਕਣਕ (70 ਸੈਂਟੀਮੀਟਰ), ਮੂੰਗਫਲੀ-ਆਲੂ-ਪਛੇਤੀ ਕਣਕ (110 ਸੈਂਟੀਮੀਟਰ), ਸੋਇਆਬੀਨ-ਮਟਰ-ਗਰਮ ਰੁੱਤ ਦੀ ਮੂੰਗੀ (111 ਸੈਂਟੀਮੀਟਰ), ਬਸੰਤ ਮੂੰਗਫਲੀ-ਮੱਕੀ-ਆਲੂ/ਮਟਰ (120/127 ਸੈਂਟੀਮੀਟਰ), ਬਸੰਤ ਮੂੰਗਫਲੀ-ਆਲੂ/ਮਟਰ (110/117 ਸੈਂਟੀਮੀਟਰ) ਪਾਣੀ ਦੀ ਖਪਤ ਕਰਦੇ ਹਨ ਜੋ ਕਿ ਕਣਕ-ਝੋਨੇ ਨਾਲੋਂ ਕਿਤੇ ਘੱਟ ਪਾਣੀ ਦੀ ਵਰਤੋਂ ਕਰਦੇ ਹਨ। ਝੋਨੇ-ਕਣਕ ਦੇ ਫਸਲੀ ਚੱਕਰ ਦੇ ਮੁਕਾਬਲੇ ਕਮਾਦ (90-115 ਸੈਂਟੀਮੀਟਰ) ਵੀ ਵਧੀਆ ਬਦਲ ਹੋ ਸਕਦਾ ਹੈ। ਪਾਣੀ ਦੀ ਬੱਚਤ ਲਈ ਫਸਲਾਂ ਦੀ ਰਹਿੰਦ-ਖੂੰਹਦ ਖਾਸ ਕਰਕੇ ਝੋਨੇ ਦੀ ਪਰਾਲੀ ਨਾਲ ਮਲਚਿੰਗ ਵੀ ਬਹੁਤ ਕਾਰਗਰ ਹੈ ਇਸ ਨਾਲ ਪਾਣੀ ਦਾ ਵਾਸ਼ਪੀਕਰਨ ਬਹੁਤ ਘਟ ਜਾਂਦਾ ਹੈ ਅਤੇ ਫਸਲ ਦੀਆਂ ਜੜ੍ਹਾਂ ਵਿਚ ਨਮੀਂ ਬਣੀ ਰਹਿੰਦੀ ਹੈ ਅਤੇ ਨਾਲ ਹੀ ਨਾਲ ਮੀਂਹ ਦੇ ਪਾਣੀ ਨੂੰ ਜ਼ੀਰਨ ਵਿਚ ਸਹਾਈ ਹੁੰਦਾ ਹੈ ਜੋ ਕਿ ਫਸਲ ਦੇ ਵਾਧੇ ਅਤੇ ਝਾੜ ਵਧਾਉਣ ਵਿਚ ਮਦਦਗਾਰ ਸਾਬਿਤ ਹੁੰਦੀ ਹੈ।

ਸਿੰਚਾਈ ਵਾਲੇ ਪਾਣੀ ਨੂੰ ਟਿਊਬਵੈੱਲ ਜਾਂ ਨਹਿਰ ਤੋਂ ਖੇਤਾਂ ਤੱਕ ਪਹੁੰਚਾਉਣ ਦੌਰਾਨ ਪਾਣੀ ਦੇ ਨੁਕਸਾਨ ਨੂੰ ਜ਼ਮੀਨ ਹੇਠ ਪਾਈਪ ਲਾਈਨ ਪਾ ਕੇ ਘਟਾਇਆ ਜਾ ਸਕਦਾ ਹੈ, ਇਸ ਨਾਲ ਰੱਖ-ਰਖਾਅ ਵੀ ਦੀ ਘੱਟ ਲੋੜ ਹੁੰਦਾ ਹੈ ਕਾਸ਼ਤ ਅਧੀਨ ਰਕਬਾ ਵੀ ਵਧਦਾ ਹੈ। ਇਸ ਤੋਂ ਇਲਾਵਾ, ਖੁੱਲ੍ਹੇ ਪਾਣੀ ਦੀ ਬਜਾਏ ਤੁਪਕਾ ਸਿੰਚਾਈ ਪ੍ਰਣਾਲੀ ਨਾਲ ਵੀ 15-60% ਤੱਕ ਪਾਣੀ ਦੀ ਬੱਚਤ ਕੀਤੀ ਜਾ ਸਕਦੀ ਹੈ। ਤੁਪਕਾ ਸਿੰਚਾਈ ਅਧੀਨ ਮੱਕੀ-ਕਣਕ-ਗਰਮ ਰੁੱਤ ਦੀ ਮੂੰਗੀ ਦੀ ਸਿੰਚਾਈ ਦੀ ਲੋੜ 84 ਸੈਂਟੀਮੀਟਰ ਹੈ ਜੋ ਕਿ ਖੁੱਲੀ ਸਿੰਚਾਈ ਦੇ ਮੁਕਾਬਲੇ 28% ਘੱਟ ਹੈ। ਇਸੇ ਤਰ੍ਹਾਂ, ਤੁਪਕਾ ਸਿੰਚਾਈ ਵਾਲੀ ਨਰਮਾ-ਕਣਕ ਪ੍ਰਣਾਲੀ ਦੀ ਸਿੰਚਾਈ ਦੀ ਲੋੜ 46% ਘੱਟ ਹੈ ਅਤੇ ਕਮਾਦ ਦੀ, ਖੁੱਲੀ ਸਿੰਚਾਈ ਦੇ ਮੁਕਾਬਲੇ 25% ਘੱਟ ਹੈ। ਮੱਕੀ-ਆਲੂ-ਬਸੰਤ ਰੁੱਤ ਦੀ ਮੱਕੀ ਪ੍ਰਣਾਲੀ ਦੇ ਮਾਮਲੇ ਵਿੱਚ, ਖੁੱਲੇ ਪਾਣੀ ਵਾਲੀ ਸਿੰਚਾਈ ਮੁਕਾਬਲੇ ਤੁਪਕਾ ਸਿੰਚਾਈ 35% ਪਾਣੀ ਦੀ ਬੱਚਤ ਕਰਦੀ ਹੈ। ਬਾਗਬਾਨੀ ਫਸਲਾਂ ਵਿਚ ਤੁਪਕਾ ਸਿੰਚਾਈ ਪ੍ਰਣਾਲੀ ਬਹੁਤ ਹੀ ਕਾਰਗਰ ਹੈ। ਇਸ ਸਮੇਂ ਸੂਬੇ ਵਿਚ 52,000 ਹੈਕਟੇਅਰ ਰਕਬਾ ਇਸ ਪ੍ਰਣਾਲੀ ਅਧੀਨ ਹੈ। ਇਸ ਪ੍ਰਣਾਲੀ ਨਾਲ ਫਸਲਾਂ ਦੇ ਝਾੜ ਵਿਚ ਵੀ ਵਾਧਾ ਹੁੰਦਾ ਹੈ ਅਤੇ ਫਸਲਾਂ ਦੀ ਗੁਣਵੱਤਾ ਵੀ ਵਧਦੀ ਹੈ।

ਜ਼ਮੀਨੀ ਪਾਣੀ ਦੀ ਵਰਤੋਂ ਘਟਾਉਣ ਲਈ ਜੰਗਲਾਤ ਫਸਲਾਂ ਵੀ ਬਹੁਤ ਵਧੀਆ ਬਦਲ ਹੋ ਸਕਦੀਆਂ ਹਨ। ਪਾਪਲਰ ਅਧਾਰਤ ਖੇਤੀ-ਜੰਗਲਾਤ ਪ੍ਰਣਾਲੀ (ਕਣਕ ਸਮੇਤ) ਲਈ ਪਾਣੀ ਦੀ ਲੋੜ ਲਗਭਗ 150 ਸੈਂਟੀਮੀਟਰ ਪ੍ਰਤੀ ਸਾਲ ਹੈ, ਜਦੋਂ ਕਿ ਸਫੈਦੇ-ਅਧਾਰਤ ਪ੍ਰਣਾਲੀ ਲਈ ਪ੍ਰਤੀ ਸਾਲ ਲਗਭਗ 100 ਸੈਂਟੀਮੀਟਰ ਪਾਣੀ ਦੀ ਲੋੜ ਹੁੰਦੀ ਹੈ, ਜੋ ਕਿ ਝੋਨੇ-ਕਣਕ ਦੀ ਫਸਲੀ ਪ੍ਰਣਾਲੀ ਨਾਲੋਂ ਕਾਫੀ ਘੱਟ ਹੈ। ਇਸ ਦੇ ਪਹਿਲੇ ਤਿੰਨ ਸਾਲਾਂ ਦੌਰਾਨ ਪਾਪਲਰ ਨਾਲ ਕਈ ਸਾਉਣੀ ਦੀਆਂ ਫਸਲਾਂ ਉਗਾਈਆਂ ਜਾ ਸਕਦੀਆਂ ਹਨ, ਜਦੋਂ ਕਿ ਹਾੜ੍ਹੀ ਦੀਆਂ ਫਸਲਾਂ ਜਿਵੇਂ ਕਣਕ, ਆਲੂ, ਪਿਆਜ਼ ਅਤੇ ਸਰ੍ਹੋਂ ਦੀ ਕਾਸ਼ਤ ਕੀਤੀ ਜਾ ਸਕਦੀ ਹੈ।

ਸੂਬੇ ਵਿਚ ਟਿਕਾਊ ਖੇਤੀ ਨੂੰ ਯਕੀਨੀ ਬਣਾਉਣ ਲਈ, ਪੰਜਾਬ ਵਿਚ ਘੱਟ ਪਾਣੀ ਦੀ ਖਪਤ ਵਾਲੀਆਂ ਫਸਲਾਂ ਦੀ ਬਿਜਾਈ ਹੇਠ ਰਕਬਾ ਵਧਾਉਣ ਦੇ ਨਾਲ-ਨਾਲ ਪਾਣੀ ਬੱਚਤ ਵਾਲੀਆਂ ਤਕਨੀਮਾਂ ਅਪਨਾਉਣਾ ਸਮੇਂ ਦੀ ਅਹਿਮ ਜ਼ਰੂਰਤ ਹੈ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋਂ ਕਿਸਾਨਾਂ ਨੂੰ ਨਵੀਨਤਮ ਤਕਨੀਕਾਂ ਅਪਨਾਉਣ ਲਈ ਉਤਸ਼ਾਹਿਤ ਕਰਨ ਲਈ ਵੱਡੇ ਪੱਧਰ ਤੇ ਖੇਤੀ-ਪਸਾਰ ਗਤੀਵਿਧੀਆਂ ਕੀਤੀਆਂ ਜਾਂਦੀਆਂ ਹਨ। ਕਿਸਾਨਾਂ ਨੂੰ ਧਰਤੀ ਹੇਠਲੇ ਪਾਣੀ ਦੀ ਸੰਭਾਲ, ਮਿੱਟੀ ਦੀ ਸਿਹਤ ਵਿਚ ਸੁਧਾਰ ਕਰਨ, ਖੇਤੀ ਰਸਾਇਣਕ ਵਰਤੋਂ ਨੂੰ ਘੱਟ ਕਰਨ ਅਤੇ ਫਸਲਾਂ ਦੀ ਰਹਿੰਦ-ਖੂਹੰਦ ਦੀ ਸੁਚੱਜੀ ਸੰਭਾਲ ਕਰਨ ਲਈ ਯੂਨੀਵਰਸਿਟੀ ਦੁਆਰਾ ਸਿਫਾਰਿਸ਼ ਕੀਤੀਆਂ ਤਕਨੀਕਾਂ ਨੂੰ ਅਪਣਾਉਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ। ਸਾਉਣੀ 2024 ਵਿਚ ਰਾਜ ਵਿਚ 505 ਖੇਤ-ਪ੍ਰਦਰਸ਼ਨੀਆਂ ਰਾਹੀਂ ਘੱਟ ਸਮੇਂ ਵਿਚ ਪੱਕਣ ਵਾਲੀਆਂ ਝੋਨੇ ਦੀਆਂ ਕਿਸਮਾਂ ਨੂੰ ਉਤਸ਼ਾਹਿਤ ਕਰਨ ਅਤੇ ਲੰਬੀ ਮਿਆਦ ਵਾਲੀਆਂ ਕਿਸਮਾਂ ਦੀ ਬਿਜਾਈ ਨਾਲ ਹੋਣ ਵਾਲੇ ਨੁਕਸਾਨਾਂ ਨੂੰ ਪ੍ਰਦਰਸ਼ਿਤ ਕਰਨ ਲਈ ਸਰਗਰਮ ਮੁਹਿੰਮ ਚਲਈ ਗਈ। ਇਸੇ ਤਰ੍ਹਾਂ ਹੀ ਝੋਨੇ ਦੀ ਸਿੱਧੀ ਬਿਜਾਈ ਦੀਆਂ 255 ਖੇਤ ਪ੍ਰਦਰਸ਼ਨੀਆਂ ਰਾਹੀਂ ਸਾਉਣੀ ਦੀ ਮੱਕੀ ਨੂੰ ਉਤਸ਼ਾਹਿਤ ਕੀਤਾ ਗਿਆ। ਹਾੜ੍ਹੀ ਦੇ ਸੀਜ਼ਨ ਦੌਰਾਨ ਸੂਬੇ ਵਿਚ 5625 ਏਕੜ ਰਕਬੇ ਵਿਚ ਗੋਭੀ ਸਰ੍ਹੋਂ ਅਤੇ ਰਾਇਆ ਦੀਆਂ ਪ੍ਰਦਰਸ਼ਨੀਆਂ ਲਗਾਈਆਂ ਗਈਆਂ ਹਨ। ਇਸ ਤੋਂ ਇਲਾਵਾ, ਯੂਨੀਵਰਸਿਟੀ ਵੱਲੋਂ ਕਿਸਾਨਾਂ ਵਿਚ ਜਾਗਰੂਕਤਾ ਪੈਦਾ ਕਰਨ ਲਈ ਨਿਯਮਤ ਸਿਖਲਾਈ ਕੋਰਸ, ਖੇਤ ਦਿਵਸ, ਵਿਚਾਰ-ਗੋਸ਼ਟੀਆਂ, ਜਾਗਰੂਕਤਾ ਕੈਂਪ ਲਗਾਏ ਗਏ ਅਤੇ ਇਹਨਾਂ ਗਤੀਵਿਧੀਆਂ ਰਾਹੀਂ ਪਾਣੀ ਬਚਾਉਣ ਦੀਆਂ ਤਕਨੀਕਾਂ ਦੱਸੀਆਂ ਗਈਆਂ। ਵੱਖ-ਵੱਖ ਰਸਾਲਿਆਂ, ਅਖਬਾਰਾਂ ਅਤੇ ਹੋਰ ਪ੍ਰਿੰਟ ਮੀਡੀਆ ਰਾਹੀਂ ਇਹਨਾਂ ਤਕਨੀਕਾਂ ਦਾ ਵੱਡੇ ਪੱਧਰ 'ਤੇ ਪ੍ਰਚਾਰ ਕੀਤਾ ਗਿਆ। ਕਿਸਾਨ ਮੇਲਿਆਂ ਵਿਚ ਲਾਈਵ ਪ੍ਰਦਰਸ਼ਨਾਂ, ਪ੍ਰਦਰਸ਼ਨੀਆਂ ਅਤੇ ਵਿਚਾਰ-ਵਟਾਂਦਰੇ ਦੇ ਨਾਲ-ਨਾਲ ਮਾਸਿਕ-ਪਸਾਰ ਮੈਗਜ਼ੀਨ, ਟੀ ਵੀ/ਰੇਡੀਓ 'ਤੇ ਮਾਹਰਾਂ ਨਾਲ ਗੱਲਬਾਤ ਕਰਕੇ ਵੀ ਪਸਾਰ ਕੀਤਾ ਗਿਆ। ਵੱਡੇ ਪੈਮਾਨੇ 'ਤੇ ਕਿਸਾਨਾਂ ਤੱਕ ਜਾਣਕਾਰੀ ਪਹੁੰਚਾਉਣ ਲਈ ਯੂਨੀਵਰਸਿਟੀ ਵੱਲੋਂ ਡਿਜੀਟਲ ਪਲੇਟਫਾਰਮਾਂ ਦੀ ਵੀ ਵਰਤੋਂ ਕੀਤੀ ਜਾ ਰਹੀ ਹੈ। ਯੂਨੀਵਰਸਿਟੀ ਵੈੱਬਸਾਈਟ, ਕਿਸਾਨ ਪੋਰਟਲ, ਡਿਜ਼ੀਟਲ ਅਖਬਾਰ, ਸੋਸ਼ਲ ਮੀਡੀਆ ਪਲੇਟਫਾਰਮਾਂ, (ਯੂਟਿਊਬ, ਫੇਸਬੁੱਕ, ਵਟਸਐਪ ਗਰੁੱਪਾਂ) ਰਾਹੀਂ, ਪੀ ਏ ਯੂ ਮਹੱਤਵਪੂਰਨ ਖੇਤੀ ਜਾਣਕਾਰੀ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਸਾਰਿਤ ਕਰ ਰਹੀ ਹੈ। ਇਸ ਵੇਲੇ ਯੂਨੀਵਰਸਿਟੀ ਕੋਲ ਪੰਜਾਬ ਵਿਚ 18 ਕ੍ਰਿਸ਼ੀ ਵਿਗਿਆਨ ਕੇਂਦਰ ਅਤੇ 15 ਫਾਰਮ ਸਲਾਹਕਾਰ ਸੇਵਾ ਕੇਂਦਰਾਂ ਦਾ ਮਜ਼ਬੂਤ ਢਾਂਚਾ ਹੈ ਜੋ ਕਿ ਕਿਸਾਨਾਂ ਦੀ ਸੇਵਾ ਵਿਚ ਹਮੇਸ਼ਾ ਮੌਜੂਦ ਰਹਿੰਦਾ ਹੈ। ਸੋ ਆਪ ਸਭ ਨੂੰ ਪੁਰਜ਼ੋਰ ਅਪੀਲ ਹੈ ਕਿ ਆਓ ਰਲ-ਮਿਲ ਕੇ ਹੰਭਲਾ ਮਾਰੀਏ ਤਾਂ ਕਿ ਸੂਬੇ ਦੇ ਬਹੁ-ਮੁੱਲੇ ਸਰੋਤਾਂ ਦੀ ਬੱਚਤ ਦੇ ਨਾਲ-ਨਾਲ ਵਧੀਆ ਫਸਲ ਉਤਪਾਦਨ ਕਰੀਏ ਅਤੇ ਸੂਬੇ ਨੂੰ ਹੋਰ ਖੁਸ਼ਹਾਲ ਬਨਾਉਣ ਵਿਚ ਆਪਣਾ ਯੋਗਦਾਨ ਪਾਈਏ।

# ਕਿੰਨੂ ਮੈਂਡਰਿਨ ਵਿਚ ਪੈਰ ਗਲ੍ਹਣਾ/ ਗੂੰਦੀਆ ਰੋਗ ਦੀ ਰੋਕਥਾਮ

ਪੰਜਾਬ ਵਿਚ ਕਿੰਨੂ ਤੇ ਗੂੰਦੀਆ ਰੋਗ ਦਾ ਹਮਲਾ 9.3-95.3% ਤੱਕ ਦੇਖਿਆ ਗਿਆ। ਮਿੱਟੀ ਵਿਚ ਉੱਚ ਨਮੀਂ ਅਤੇ ਉੱਚ ਹਵਾ ਨਮੀਂ ਦੇ ਨਾਲ ਵਾਤਾਵਰਣ ਦਾ ਤਾਪਮਾਨ ਇਸ ਬਿਮਾਰੀ ਨੂੰ ਵਧਾਉਣ ਲਈ ਅਨੁਕੂਲ ਸਥਿਤੀ ਬਣਾਉਂਦੇ ਹਨ। ਕਿੰਨੂ ਵਿਚ ਪੈਰ ਗਲ੍ਹਣਾ/ਗੂੰਦੀਆ ਰੋਗ ਫਾਈਟੋਫਥੋਰਾ ਨਿਕੋਟੀਆਨਾ ਵਰਾਇਟੀ ਪੈਰਾਸਿਟੀਕਾ ਨਾਮਕ ਉੱਲੀ ਕਾਰਨ ਹੁੰਦਾ ਹੈ। ਪੌਦਿਆਂ ਤੇ ਬਿਮਾਰੀ ਦਾ ਹਮਲਾ ਉਦੋਂ ਹੁੰਦਾ ਹੈ ਜਦੋਂ ਸਾਇਓਨ ਮਿੱਟੀ ਦੇ ਸੰਪਰਕ ਵਿਚ ਆਉਂਦਾ ਹੈ



ਜਾਂ ਜਦੋਂ ਭਰਵੀਂ ਸਿੰਚਾਈ ਵਜੋਂ ਪਾਣੀ ਲਾਇਆ ਜਾਂਦਾ ਹੈ ਜੋ ਕਿ ਇਸ ਉੱਲੀ ਨੂੰ ਸੰਕਰਮਣ ਦੀ ਪ੍ਰਕਿਰਿਆ ਸ਼ੁਰੂ ਕਰਨ ਵਿਚ ਸਾਇਓਨ ਤੱਕ ਪਹੁੰਚਣ ਦੇ ਯੋਗ ਬਣਾਉਂਦਾ ਹੈ। ਹਮਲੇ ਵਾਲੇ ਬੂਟੇ ਪੈਰੋਂ ਗਲਣ ਲੱਗ ਜਾਂਦੇ ਹਨ, ਗੂੰਦ ਨਿਕਲਦੀ ਹੈ, ਛਿੱਲ ਤਣੇ ਦੇ ਚਾਰ-ਚੁਫੇਰੇ ਤੋਂ ਗਲ੍ਹ ਜਾਂਦੀ ਹੈ। ਪੱਤੇ ਹਲਕੇ ਪੀਲੇ ਰੰਗ ਦੇ ਹੋ ਜਾਂਦੇ ਹਨ, ਬੂਟਿਆਂ ਦਾ ਵਾਧਾ ਰੁੱਕ ਜਾਂਦਾ ਹੈ ਅਤੇ ਟਾਹਣੀਆਂ ਸੁੱਕ ਜਾਂਦੀਆਂ ਹਨ। ਫਿਰ ਗੂੰਦ ਵਾਲੇ ਨਿਸ਼ਾਨ ਤਣੇ ਦੇ ਹੇਠਾਂ ਅਤੇ ਉੱਪਰ ਵੱਲ ਵੱਧ ਜਾਂਦੇ ਹਨ ਅਤੇ ਟਾਹਣੀਆਂ ਤੇ ਵੀ ਆਉਣ ਲੱਗ ਪੈਂਦੇ ਹਨ। ਕਿੰਨੂ ਦੀ ਚੰਗੀ ਪੈਦਾਵਾਰ ਲਈ ਇਸ ਰੋਗ ਦਾ ਪ੍ਰਭਾਵਸ਼ਾਲੀ ਪ੍ਰਬੰਧਨ ਹੇਠਾਂ ਦਿੱਤੇ ਸੁਝਾਵਾਂ ਅਨੁਸਾਰ ਕਰਨਾ ਬਹੁਤ ਜ਼ਰੂਰੀ ਹੈ।

**ਬਿਮਾਰੀ ਦੇ ਪ੍ਰਭਾਵਸ਼ਾਲੀ ਪ੍ਰਬੰਧਨ ਲਈ ਸੁਝਾਅ :**

★ 100 ਗ੍ਰਾਮ ਟਰਾਈਕੋਡਰਮਾ ਐਸਪੈਰੇਲਮ ਦੀ ਸਟ੍ਰੇਨ ਟੀ-20 ਦੀ ਪਾਊਡਰ ਬਾਇਓਫਾਰਮੂਲੇਸ਼ਣ ਨੂੰ 2.5 ਕਿੱਲੋ ਰੂੜੀ ਨਾਲ ਮਿਲਾ ਕੇ ਸੋਡੀਅਮ ਹਾਈਪੋਕਲੋਰਾਈਟ ਦੀ ਸਪਰੇਅ ਤੋਂ ਇਕ ਹਫਤਾ ਬਾਅਦ, ਬੂਟੇ ਦੇ ਮੁੱਢ ਅਤੇ ਘੇਰੇ ਵਿਚ ਫਰਵਰੀ-ਮਾਰਚ ਅਤੇ ਫਿਰ ਜੁਲਾਈ-ਅਗਸਤ ਵਿਚ ਪਾਉਣ ਨਾਲ ਨਿੰਬੂ ਜਾਤੀ ਦੇ ਪੈਰ ਗਲ੍ਹਣਾ/ਗੂੰਦੀਆ ਰੋਗ ਦਾ ਪ੍ਰਭਾਵਸ਼ਾਲੀ ਪ੍ਰਬੰਧਨ ਕੀਤਾ ਜਾ ਸਕਦਾ ਹੈ।

ਜਾਂ

★ ਬੂਟਿਆਂ ਦੇ ਮੁੱਢਾਂ ਅਤੇ ਉਨ੍ਹਾਂ ਦੀ ਛੱਤਰੀ ਹੇਠ ਸੋਡੀਅਮ ਹਾਈਪੋਕਲੋਰਾਈਟ 5% ਨੂੰ 50 ਮਿਲੀਲਿਟਰ ਪ੍ਰਤੀ ਬੂਟਾ ਦੇ ਹਿਸਾਬ ਨਾਲ 10 ਲਿਟਰ ਪਾਣੀ ਵਿਚ ਘੋਲ ਕੇ ਫਰਵਰੀ-ਮਾਰਚ ਅਤੇ ਫਿਰ ਜੁਲਾਈ-ਅਗਸਤ ਵਿਚ ਚੰਗੀ ਤਰ੍ਹਾਂ ਛਿੜਕਾਅ ਕਰੋ।

ਜਾਂ

★ ਦੋ ਵਾਰ ਕਰਜ਼ੇਟ ਐਮ-8 ਪੇਂਟ ਦੇ ਤੌਰ 'ਤੇ (2 ਗ੍ਰਾਮ ਪ੍ਰਤੀ ਮਿਲੀਲਿਟਰ ਅਲਸੀ ਦੇ ਤੇਲ ਦੇ ਵਿੱਚ) ਬਿਮਾਰੀ ਵਾਲੇ ਤਣੇ ਤੇ ਲਗਾਓ ਅਤੇ ਬੂਟੇ ਦੇ ਹੇਠਾਂ ਵਾਲੀ ਜ਼ਮੀਨ ਨੂੰ ਫਰਵਰੀ-ਮਾਰਚ ਅਤੇ ਫਿਰ ਜੁਲਾਈ-ਅਗਸਤ ਵਿਚ (25 ਗ੍ਰਾਮ ਕਰਜ਼ੇਟ ਐਮ-8 ਪ੍ਰਤੀ 10 ਲਿਟਰ ਪਾਣੀ ਦੇ ਵਿਚ) ਚੰਗੀ ਤਰ੍ਹਾਂ ਭਿਉਂ ਦਿਓ।

**ਅਮਰਜੀਤ ਸਿੰਘ ਅਜੇ ਕੁਮਾਰ ਚੌਧਰੀ ਅਤੇ ਦਲਜੀਤ ਸਿੰਘ ਬੁੱਟਰ, ਪੌਦਾ ਰੋਗ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋ. 98729-25785)**



# ਖੇਤੀ ਗਿਆਨ ਦੇ ਸੋਮੇ ਪੀ.ਏ.ਯੂ. ਦੇ ਕਿਸਾਨ ਮੇਲੇ

ਪੀ ਏ ਯੂ ਦੇ ਕਿਸਾਨ ਮੇਲੇ ਸੰਸਾਰ ਭਰ ਵਿਚ ਕਿਸਾਨਾਂ ਨੂੰ ਦਿੱਤੀਆਂ ਜਾਂਦੀਆਂ ਪਸਾਰ ਸੇਵਾਵਾਂ ਦੇ ਆਧਾਰ ਤੇ ਆਪਣੀ ਵਿਲੱਖਣ ਪਛਾਣ ਬਣਾ ਚੁੱਕੇ ਹਨ। ਪੰਜਾਬ ਦੇ ਖੇਤੀ ਵਿਕਾਸ ਅਤੇ ਹਰੀ ਕ੍ਰਾਂਤੀ ਦੀ ਆਮਦ ਵਿਚ ਪੀ ਏ ਯੂ ਵੱਲੋਂ ਲਾਏ ਜਾਣ ਵਾਲੇ ਕਿਸਾਨ ਮੇਲਿਆਂ ਦਾ ਭਰਪੂਰ ਅਤੇ ਅਹਿਮ ਯੋਗਦਾਨ ਰਿਹਾ ਹੈ। ਕਿਸਾਨੀ ਨੂੰ ਵਿਗਿਆਨਕ ਖੇਤੀ ਨਾਲ ਜੋੜਨ ਅਤੇ ਨਵੇਂ ਖੇਤੀ ਤਰੀਕਿਆਂ ਨੂੰ ਪ੍ਰਫੁੱਲਿਤ ਕਰਨ ਲਈ ਪੀ ਏ ਯੂ ਨੇ ਕਿਸਾਨ ਮੇਲਿਆਂ ਰਾਹੀਂ ਨਵੀਂ ਵਿਗਿਆਨਿਕ ਚੇਤਨਾ ਨੂੰ ਪੰਜਾਬ ਦੇ ਕੋਨੇ ਕੋਨੇ ਦੇ ਜਨ ਮਾਨਸ ਤੱਕ ਪਹੁੰਚਾਇਆ। ਇਸੇ ਦਾ ਨਤੀਜਾ ਹੈ ਕਿ ਅਨਾਜ ਉਤਪਾਦਨ ਦੇ ਪੱਖ ਤੋਂ ਪੰਜਾਬ ਦੇਸ਼ ਦਾ ਹੀ ਨਹੀਂ ਦੁਨੀਆਂ ਦਾ ਮੋਢੀ ਖਿੱਤਾ ਬਣ ਕੇ ਸਾਹਮਣੇ ਆਇਆ। ਪੀ ਏ ਯੂ ਦੇ ਕਿਸਾਨ ਮੇਲੇ ਪੀ ਏ ਯੂ ਦੇ ਮੁੱਖ ਕੈਂਪਸ ਤੋਂ ਇਲਾਵਾ ਅੰਮ੍ਰਿਤਸਰ, ਬੱਲੋਵਾਲ ਸੌਂਖੜੀ, ਫਰੀਦਕੋਟ, ਗੁਰਦਾਸਪੁਰ, ਪਟਿਆਲਾ, ਬਠਿੰਡਾ ਆਦਿ ਕੇ. ਵੀ. ਕੇ. ਅਤੇ ਖੇਤਰੀ ਖੋਜ ਕੇਂਦਰਾਂ ਉੱਪਰ ਲਾਏ ਜਾਂਦੇ ਹਨ। ਇਹਨਾਂ ਕਿਸਾਨ ਮੇਲਿਆਂ ਨੇ ਇੱਥੋਂ ਦੇ ਇਲਾਕਿਆਂ ਦੀਆਂ ਖੇਤੀ ਲੋੜਾਂ ਅਨੁਸਾਰ ਨਵੀਆਂ ਖੇਤੀ ਖੋਜਾਂ ਅਤੇ ਤਕਨਾਲੋਜੀਆਂ ਦੀਆਂ ਕਾਢਾਂ ਕਿਸਾਨਾਂ ਤੱਕ ਪਹੁੰਚਾਈਆਂ। ਪੀ ਏ ਯੂ ਦੇ ਮੁੱਖ ਕੈਂਪਸ ਵਿੱਚ ਲੱਗਣ ਵਾਲੇ ਮੁੱਖ ਕਿਸਾਨ ਮੇਲੇ ਦੌਰਾਨ ਕਿਸਾਨਾਂ ਦਾ ਠਾਠਾਂ ਮਾਰਦਾ ਇਕੱਠ ਸਿਰਫ ਮੇਲਾ ਗੇਲਾ ਦੇਖਣ ਲਈ ਨਹੀਂ ਜੁੜਦਾ ਬਲਕਿ ਮਾਹਿਰਾਂ ਦੀਆਂ ਕੀਮਤੀ ਸਲਾਹਾਂ ਲੈਣ ਅਤੇ ਪਿਛਲੇ ਛੇ ਮਹੀਨਿਆਂ ਦੌਰਾਨ ਆਉਂਦੀ ਫਸਲ ਲਈ ਕੀਤੀਆਂ ਖੋਜਾਂ ਅਤੇ ਤਕਨੀਕਾਂ ਦੀਆਂ ਪ੍ਰਦਰਸ਼ਨੀਆਂ ਦੇਖਣ ਲਈ ਜੁੜਦਾ ਹੈ। ਇਸ ਤੋਂ ਇਲਾਵਾ ਵਿਕਸਿਤ ਫਸਲਾਂ ਦੀਆਂ ਕਿਸਮਾਂ ਦੀਆਂ ਪ੍ਰਦਰਸ਼ਨੀਆਂ, ਫਲਦਾਰ ਪੌਦਿਆਂ ਅਤੇ ਨਵੀਂ ਮਸ਼ੀਨਰੀ ਦੀਆਂ ਸਟਾਲਾਂ ਦੇਖਣ ਲਈ ਕਿਸਾਨ ਹੁੰਮ ਹੁੰਮਾ ਕੇ ਇੱਥੇ ਪਹੁੰਚਦੇ ਹਨ। ਖੇਤੀ ਸਾਹਿਤ ਨਾਲ ਜੁੜਨ ਦਾ ਵਸੀਲਾ ਪੀ ਏ ਯੂ ਦੇ ਕਿਸਾਨ ਮੇਲੇ ਬਹੁਤ ਸਾਲਾਂ ਤੋਂ ਬਣੇ ਹੋਏ ਹਨ।

ਪੰਜਾਬ ਦੇ ਖੇਤੀ ਵਿਕਾਸ ਦੀ ਜੇਕਰ ਗੱਲ ਕੀਤੀ ਜਾਵੇ ਤਾਂ ਪੀ ਏ ਯੂ ਦੇ ਕਿਸਾਨ ਮੇਲਿਆਂ ਨੇ ਕਿਸੇ ਵੀ ਹੋਰ ਤਿਉਹਾਰ ਵਾਂਗ ਇੱਥੋਂ ਦੇ ਕਿਸਾਨ ਦੇ ਮਨ ਵਿਚ ਨਵੀਂ ਵਿਗਿਆਨਿਕ ਖੇਤੀ ਦੀ ਜਾਗ ਲਾਉਣ ਵਿਚ ਭਰਪੂਰ ਯੋਗਦਾਨ ਪਾਇਆ ਹੈ। ਪੰਜਾਬ ਦਾ ਖੇਤੀ ਵਿਕਾਸ ਪੀ ਏ ਯੂ ਦੇ ਕਿਸਾਨ ਮੇਲਿਆਂ ਵਿਚ ਦਿੱਤੀਆਂ ਜਾਂਦੀਆਂ ਪਸਾਰ ਗਤੀਵਿਧੀਆਂ ਨਾਲੋਂ ਵੱਖਰਾ ਕਰਕੇ ਦੇਖਿਆ ਹੀ ਨਹੀਂ ਜਾ ਸਕਦਾ। ਇਸ ਲਈ ਇਹ ਕਿਸਾਨ ਮੇਲੇ ਇਸ ਖਿੱਤੇ ਵਿੱਚ ਖੇਤੀ ਨੂੰ ਹੋਰ ਅਗੇਰੇ ਵਧਾਉਣ ਲਈ ਮਹੱਤਵਪੂਰਨ ਉਤਸਵ ਵਾਂਗ ਮਨਾਏ ਜਾਂਦੇ ਹਨ ਇਸ ਵਾਰ ਦੇ ਕਿਸਾਨ ਮੇਲੇ 5 ਮਾਰਚ ਤੋਂ ਸ਼ੁਰੂ ਹੋ ਗਏ ਹਨ। 7 ਮਾਰਚ ਨੂੰ ਬੱਲੋਵਾਲ ਸੌਂਖੜੀ, 10 ਮਾਰਚ ਨੂੰ ਨਾਗ ਕਲਾਂ ਅੰਮ੍ਰਿਤਸਰ, 11 ਨੂੰ ਫਰੀਦਕੋਟ, 13 ਨੂੰ ਗੁਰਦਾਸਪੁਰ, 18 ਤਰੀਕ ਨੂੰ ਬਠਿੰਡੇ ਵਿਖੇ ਲਗਾਇਆ ਗਿਆ। 21 ਅਤੇ 22 ਮਾਰਚ ਨੂੰ ਪੀ ਏ ਯੂ ਦੇ ਮੁੱਖ ਕੈਂਪਸ ਦਾ ਅਤੇ 25 ਨੂੰ ਪਟਿਆਲਾ ਕਿਸਾਨ ਮੇਲਾ ਲਾਇਆ ਜਾ ਰਿਹਾ ਹੈ। ਇਹਨਾਂ ਕਿਸਾਨ ਮੇਲਿਆਂ ਦੌਰਾਨ ਕਿਸਾਨ ਅਤੇ ਵਿਗਿਆਨੀਆਂ ਨੂੰ ਇੱਕੋ ਸਥਾਨ ਤੋਂ ਖੇਤੀ ਨਾਲ ਸੰਬੰਧਿਤ ਬਹੁਤ ਸਾਰੀਆਂ ਮੁਸ਼ਕਿਲਾਂ, ਸਮੱਸਿਆਵਾਂ ਦੇ ਨਾਲ ਨਾਲ ਅਤੇ ਨਵੀਆਂ ਚੁਨੌਤੀਆਂ ਦਾ ਸਾਹਮਣਾ ਕਰਨ ਅਤੇ ਉਹਨਾਂ ਬਾਰੇ ਵਿਚਾਰਨ ਦਾ ਇੱਕ ਮੰਚ ਮੁਹੱਈਆ ਕੀਤਾ ਜਾਂਦਾ ਹੈ। ਇੱਥੇ ਨਾ ਸਿਰਫ ਰੰਗਾਰੰਗ ਸੱਭਿਆਚਾਰਕ ਪ੍ਰੋਗਰਾਮ ਵੀ ਪੇਸ਼ ਹੁੰਦੇ ਹਨ ਬਲਕਿ ਮਾਹਿਰਾਂ ਵੱਲੋਂ ਕਿਸਾਨਾਂ ਨੂੰ ਨਵੀਆਂ ਕਾਢਾਂ ਅਤੇ ਖੇਤੀ ਸਬੰਧੀ ਉਨ੍ਹਾਂ ਦੇ ਸਵਾਲਾਂ ਦੇ ਤਸੱਲੀਜਨਕ ਜਵਾਬ ਦੇ ਕੇ ਇਸ ਯੋਗ ਬਣਾਇਆ ਜਾਂਦਾ ਹੈ ਕਿ ਉਹ ਆਉਂਦੀ ਫਸਲ ਲਈ ਆਪਣੀਆਂ ਸਾਰੀਆਂ ਯੋਗਤਾਵਾਂ ਲਾ ਕੇ ਵੱਧ ਤੋਂ ਵੱਧ ਝਾੜ ਪੈਦਾ ਕਰਨ ਅਤੇ ਆਪਣੇ ਆਮਦਨ ਵਿੱਚ ਵਾਧਾ ਕਰ ਸਕਣ। ਇਸ ਦੇ ਨਾਲ ਹੀ ਖੇਤੀ ਅਤੇ ਹੋਰ ਕਿੱਤਿਆਂ ਬਾਰੇ ਨਵੀਂ ਜਾਣਕਾਰੀ ਕਿਸਾਨਾਂ ਨੂੰ ਪਹੁੰਚਾਉਣ ਦਾ ਕਾਰਜ ਵੀ ਇਹ ਕਿਸਾਨ ਮੇਲੇ ਕਰਦੇ ਹਨ। ਕੁੱਲ ਮਿਲਾ ਕੇ ਕਿਹਾ ਜਾ ਸਕਦਾ ਹੈ ਕਿ ਇਹਨਾਂ ਕਿਸਾਨ ਮੇਲਿਆਂ ਨੇ ਖੇਤੀ ਪ੍ਰਤੀ ਕਿਸਾਨਾਂ ਦੇ ਵਿਹਾਰ ਨੂੰ ਤਬਦੀਲ ਕਰਨ ਵਿਚ ਜਿੱਡਾ ਵੱਡਾ ਯੋਗਦਾਨ ਪਾਇਆ ਹੈ ਉਹਦੀ ਮਿਸਾਲ ਦੁਨੀਆਂ ਦੇ ਕਿਸੇ ਵੀ ਹੋਰ ਇਲਾਕੇ ਵਿਚ ਮਿਲਣੀ ਅਸੰਭਵ ਦੇ ਬਰਾਬਰ ਹੋਵੇਗੀ। ਇਸ ਮੇਲੇ ਦਾ ਇੱਕ ਹੋਰ ਉਭਰਵਾਂ ਪੱਖ ਇੱਥੇ ਲਗਾਈ ਜਾਂਦੀ ਖੇਤੀ ਉਦਯੋਗ ਦੀ ਵੱਡੀ ਪ੍ਰਦਰਸ਼ਨੀ ਹੁੰਦੀ ਹੈ ਜਿਸ ਵਿਚ ਪ੍ਰਾਈਵੇਟ ਸੈਕਟਰ ਵੱਲੋਂ ਨਵੀਂ ਖੇਤ ਮਸ਼ੀਨਰੀ, ਸੰਦ ਅਤੇ ਹੋਰ ਵਸਤਾਂ ਪ੍ਰਦਰਸ਼ਿਤ ਕੀਤੀਆਂ ਜਾਂਦੀਆਂ ਹਨ। ਕਿਸਾਨ ਵੀਰ ਵੱਖ-ਵੱਖ ਪ੍ਰਦਰਸ਼ਨੀਆਂ ਵੇਖਣ ਅਤੇ ਮਿੱਟੀ ਪਾਣੀ ਪਰਖ ਕਰਵਾਉਣ ਤੋਂ ਇਲਾਵਾ ਖੇਤੀ ਸਾਹਿਤ ਅਤੇ ਨਵੇਂ ਬੀਜ ਦੀ ਪ੍ਰਾਪਤ ਕਰ ਸਕਦੇ ਹਨ। ਵੱਖ-ਵੱਖ ਖੇਤਰਾਂ ਵਿਚ ਮੱਲਾਂ ਮਾਰਣ ਵਾਲੇ ਕਿਸਾਨ ਅਤੇ ਕਿਸਾਨ ਬੀਬੀਆਂ ਨੂੰ ਇਹਨਾਂ ਮੇਲਿਆਂ ਦੌਰਾਨ ਸਨਮਾਨਿਤ ਵੀ ਕੀਤਾ ਜਾਂਦਾ ਹੈ। ਇਹ ਕਿਸਾਨ ਮੇਲੇ ਪੰਜਾਬ ਵਿਚ ਵਿਗਿਆਨਕ ਖੇਤੀ ਦਾ ਮੁੱਢ ਸਾਬਿਤ ਹੋਏ ਹਨ। ਇਹਨਾਂ ਮੇਲਿਆਂ ਰਾਹੀਂ ਬਹੁਤ ਸਾਰੇ ਅਗਾਂਹਵਧੂ ਕਿਸਾਨ ਖੇਤੀ ਨੂੰ ਹੋਰ ਲਾਹੇਵੰਦ ਕਿੱਤਾ ਬਨਾਉਣ ਅਤੇ ਆਪਣਾ ਜੀਵਨ ਪੱਧਰ ਉੱਚਾ ਚੁੱਕਣ ਵਿਚ ਸਫਲ ਰਹੇ ਵਰਤਮਾਨ ਵਿਚ ਵੀ ਇਨ੍ਹਾਂ ਮੇਲਿਆਂ ਦਾ ਕੋਈ ਬਦਨ ਨਹੀਂ ਹੋ ਸਕਦਾ। ਇਹ ਕਿਸਾਨ ਮੇਲੇ ਪੰਜਾਬ ਦੀ ਕਿਸਾਨੀ ਦੀ ਜੀਵਨਰੇਖਾ ਸਾਬਿਤ ਹੋ ਰਹੇ ਹਨ। ਮੇਲਿਆਂ ਦੀ ਸਫਲਤਾ ਇਸ ਗੱਲੋਂ ਵੀ ਸਾਬਿਤ ਹੁੰਦੀ ਹੈ ਕਿ ਮੇਲਿਆਂ ਵਿੱਚੋਂ ਗਿਆਨ ਹਾਸਿਲ ਕਰਕੇ ਆਪਣੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਵਾਲੇ ਕਿਸਾਨਾਂ ਦੀ ਗਿਣਤੀ ਆਏ ਸਾਲ ਵੱਧ ਰਹੀ ਹੈ। ਬੀਬੀਆਂ ਵੱਲੋਂ ਬਣਾਏ ਸਵੈ ਸਵੀ ਸਮੂਹਾਂ ਦੀਆਂ ਸਟਾਲਾਂ ਆਪਣੇ ਆਪ ਹੀ ਕਿਸਾਨ ਬੀਬੀਆਂ ਵੱਲੋਂ ਪਰਿਵਾਰਾਂ ਦੀ ਆਰਥਿਕਤਾ ਵਿਚ ਪਾਏ ਯੋਗਦਾਨ ਨੂੰ ਬਿੰਬਿਤ ਕਰਦੀਆਂ ਹਨ। ਸੋ ਕਿਸਾਨ ਵੀਰੋ, ਇਹਨਾਂ ਕਿਸਾਨ ਮੇਲਿਆਂ ਵਿਚ ਵੱਧ ਚੜ੍ਹ ਕੇ ਹਾਜ਼ਰੀ ਭਰੋ ਅਤੇ ਨਵੀਨਤਮ ਖੇਤੀ ਤਕਨੀਕਾਂ ਦੇ ਹਾਣੀ ਬਣੋ।

**ਤੇਜਿੰਦਰ ਸਿੰਘ ਰਿਆੜ ਅਤੇ ਕੁਲਦੀਪ ਸਿੰਘ, ਸੰਚਾਰ ਕੇਂਦਰ**
(ਮੋ. 98889-00329)

# ਕਿਸਾਨ ਲਈ ਲਾਹੇਵੰਦ ਹੈ
# ਹਾੜ੍ਹੀ ਜਿਣਸਾਂ ਦੀ ਪ੍ਰਾਸੈਸਿੰਗ



**ਕਿਸਾਨ ਬੜੀ ਮਿਹਨਤ ਕਰਕੇ ਫ਼ਸਲਾਂ ਨੂੰ ਪੁੱਤਾਂ ਵਾਂਗ ਪਾਲਦੇ ਹਨ ਪਰ ਜਦੋਂ ਇਹ ਪੱਕ ਜਾਂਦੀ ਹੈ ਤਾਂ ਉਹ ਇਸ ਨੂੰ ਵੇਚਣ ਦੀ ਜਗ੍ਹਾ ਮੰਡੀ ਵਿੱਚ ਸੁੱਟਣ ਦੀ ਗੱਲ ਕਰਦੇ ਹਨ। ਇਸ ਦਾ ਕਾਰਨ ਇਹ ਹੋ ਸਕਦਾ ਹੈ ਕਿ ਕਾਫ਼ੀ ਵਾਰ ਉਨ੍ਹਾਂ ਨੂੰ ਆਪਣੀਆਂ ਜਿਣਸਾਂ ਨਿਰਧਾਰਿਤ ਮੁੱਲ ਤੋਂ ਵੀ ਘੱਟ ਮੁੱਲ 'ਤੇ ਵੇਚਣੀਆਂ ਪੈਂਦੀਆਂ ਹਨ। ਪਰ ਜੇਕਰ ਕਿਸਾਨ ਤਿਆਰ ਜਿਣਸਾਂ ਨੂੰ ਸਿੱਧੇ ਮੰਡੀ ਵਿੱਚ ਵੇਚਣ ਦੀ ਬਜਾਇ ਇਨ੍ਹਾਂ ਤੋਂ ਵੱਖੋ-ਵੱਖ ਖਾਧ ਪਦਾਰਥ ਤਿਆਰ ਕਰਕੇ ਵੇਚਣ ਤਾਂ ਉਨ੍ਹਾਂ ਦਾ ਮੁਨਾਫਾ ਕਾਫ਼ੀ ਵਧ ਸਕਦਾ ਹੈ। ਹਾੜ੍ਹੀ ਦੀਆਂ ਵੱਖ-ਵੱਖ ਫ਼ਸਲਾਂ, ਤੇਲ ਬੀਜਾਂ ਅਤੇ ਸਬਜ਼ੀਆਂ ਨੂੰ ਅਸੀਂ ਛੋਟੇ ਤੋਂ ਵੱਡੇ ਪੱਧਰ ਤੱਕ ਹੇਠ ਲਿਖੇ ਅਨੁਸਾਰ ਆਪ ਪ੍ਰਾਸੈੱਸ ਕਰ ਸਕਦੇ ਹਾਂ।**

**ਕਣਕ** :- ਕਣਕ ਦਾ ਘੱਟੋ-ਘੱਟ ਨਿਰਧਾਰਿਤ ਮੁੱਲ 1925 ਪ੍ਰਤੀ ਕੁਇੰਟਲ ਹੈ ਜਦੋਂਕਿ ਇਸ ਤੋਂ ਤਿਆਰ ਆਟੇ ਨੂੰ ਅਸੀਂ ਬਾਜ਼ਾਰ ਵਿੱਚੋਂ 30 ਤੋਂ ਲੈ ਕੇ 35 ਰੁਪਏ ਕਿਲੋ ਦੇ ਹਿਸਾਬ ਨਾਲ ਖਰੀਦਦੇ ਹਾਂ। ਆਟਾ ਹਰ ਘਰ ਦੀ ਮੁੱਢਲੀ ਲੋੜ ਹੈ। ਇਸ ਲਈ ਜੇਕਰ ਕਿਸਾਨ ਵੀਰ ਪਿੰਡ ਵਿੱਚ ਆਟਾ ਚੱਕੀ ਲਗਾ ਲੈਣ ਤਾਂ ਉਹ ਉਨ੍ਹਾਂ ਦੀ ਆਮਦਨ ਦਾ ਪੱਕਾ ਜ਼ਰੀਆ ਬਣ ਜਾਵੇਗੀ। ਅਸੀਂ ਲੋੜ ਮੁਤਾਬਿਕ ਛੋਟੀ ਜਾਂ ਵੱਡੀ ਚੱਕੀ ਲਗਾ ਸਕਦੇ ਹਾਂ। ਜਿੱਥੇ ਛੋਟੀ ਚੱਕੀ ਦੀ ਸਮਰੱਥਾ 3 ਕੁਇੰਟਲ ਪ੍ਰਤੀ ਘੰਟਾ ਹੈ। ਇਸੇ ਤਰ੍ਹਾਂ ਮੱਕੀ ਤੋਂ ਵੀ ਆਟਾ ਤਿਆਰ ਕਰਕੇ ਵੇਚਣ ਨਾਲ ਵਾਧੂ ਲਾਭ ਲਿਆ ਜਾ ਸਕਦਾ ਹੈ। ਪੰਜਾਬ ਦੀ ਜੇ ਗੱਲ ਕਰੀਏ ਤਾਂ ਮੱਕੀ ਦੇ ਆਟੇ ਦੀ ਮੰਗ ਸਰਦੀ ਚੜ੍ਹਦਿਆਂ ਹੀ ਹੋ ਜਾਂਦੀ ਹੈ। ਪੰਜਾਬੀ ਸਿਆਲ ਦੀ ਰੁੱਤ ਦੌਰਾਨ ਸਰ੍ਹੋਂ ਦੇ ਸਾਗ ਦੇ ਕਾਫ਼ੀ ਸ਼ੌਕੀਨ ਹਨ। ਸਾਗ ਨਾਲ ਮੱਕੀ ਦੀ ਰੋਟੀ ਸਵਾਦ ਵਿੱਚ ਹੋਰ ਵੀ ਵਾਧਾ ਕਰਦੀ ਹੈ। ਇਸ ਲਈ ਪੰਜਾਬੀਆਂ ਦੇ ਇਸ ਸ਼ੌਕ ਨੂੰ ਪੂਰਾ ਕਰਦੇ ਹੋਏ ਜਿੱਥੇ ਮੁਨਾਫ਼ਾ ਕਮਾਇਆ ਜਾ ਸਕਦਾ ਹੈ, ਉੱਥੇ ਹੀ ਲੋਕਾਂ ਨੂੰ ਮਿਆਰੀ ਉਤਪਾਦ ਵੀ ਵਾਜਬ ਭਾਅ 'ਤੇ ਮੁਹੱਈਆ ਕਰਵਾਇਆ ਜਾ ਸਕਦਾ ਹੈ।

**ਦਾਲਾਂ** :- ਹਾੜ੍ਹੀ ਵਿੱਚ ਛੋਲਿਆਂ, ਮੂੰਗੀ, ਮਾਂਹ ਦੀ ਕਾਸ਼ਤ ਕੀਤੀ ਜਾਂਦੀ ਹੈ। ਇਨ੍ਹਾਂ ਨੂੰ ਅਸੀਂ ਮਿਨੀ ਦਾਲ ਮਿੱਲ ਦੀ ਮੱਦਦ ਨਾਲ ਦਾਲ ਵਿੱਚ ਬਦਲ ਕੇ ਮੰਡੀਕਰਨ ਕਰ ਸਕਦੇ ਹਾਂ। ਇਸ ਮਸ਼ੀਨ ਨਾਲ ਅਸੀਂ ਦਾਲਾਂ ਦੀ ਰਗੜਾਈ



, ਦਾਣਿਆਂ ਦਾ ਦੋ ਫਾੜ, ਦਰਜਾਬੰਦੀ, ਸਫ਼ਾਈ ਅਤੇ ਛਿਲਕੇ ਵੱਖ ਕਰਨ ਦਾ ਕੰਮ ਇੱਕੋ ਵਾਰ ਕਰ ਸਕਦੇ ਹਾਂ। ਇਸ ਮਿੱਲ ਤੋਂ ਤਿਆਰ ਦਾਲਾਂ ਦਾ ਮਿਆਰ ਵੱਡੇ ਪਲਾਟ ਵਿੱਚੋਂ ਤਿਆਰ ਦਾਲਾਂ ਦੀ ਬਰਾਬਰੀ ਕਰਦਾ ਹੈ। ਇਸ ਯੂਨਿਟ ਦੀ ਸਮਰੱਥਾ ਇੱਕ ਤੋਂ ਸਵਾ ਕੁਇੰਟਲ ਪ੍ਰਤੀ ਘੰਟਾ ਹੈ। ਤਿਆਰ ਦਾਲਾਂ ਨੂੰ ਪਾਲਿਸ਼ ਕਰਨ ਲਈ ਦਾਲ ਪਾਲਿਸ਼ਰ ਦੀ ਮੱਦਦ ਲਈ ਜਾ ਸਕਦੀ ਹੈ ਤਾਂ ਜੋ ਦਾਲਾਂ ਦੀ ਦਿੱਖ ਚੰਗੀ ਬਣ ਸਕੇ। ਇਹ ਇੱਕ ਸਾਧਾਰਨ ਮਸ਼ੀਨ ਹੈ ਜਿਸ ਨਾਲ ਅਸੀਂ ਦੋ ਕੁਇੰਟਲ ਪ੍ਰਤੀ ਘੰਟਾ ਦਾਲ ਪਾਲਿਸ਼ ਕਰ ਸਕਦੇ ਹਾਂ।

**ਤੇਲ ਬੀਜਾਂ ਦੀ ਪ੍ਰਾਸੈਸਿੰਗ** :- ਬੇਬੀ ਆਇਲ ਐਕਸਪੈਲਰ ਦੀ ਮੱਦਦ ਨਾਲ ਅਸੀਂ ਬੀਜਾਂ ਦਾ ਤੇਲ ਕੱਢ ਸਕਦੇ ਹਾਂ। ਇੱਕ ਅੰਦਾਜ਼ੇ ਮੁਤਾਬਿਕ ਬੀਜਾਂ ਦੀ ਜਗ੍ਹਾ ਤੇਲ ਵੇਚਣ ਨਾਲ ਤਿੰਨ ਗੁਣਾਂ ਮੁਨਾਫ਼ਾ ਹੁੰਦਾ ਹੈ। ਤੇਲ ਕੱਢਣ ਤੋਂ ਬਾਅਦ ਫੋਕ ਦੀ ਵਰਤੋਂ ਫੀਡ ਵਿੱਚ ਹੁੰਦੀ ਹੈ, ਜਿਸ ਨੂੰ ਵੇਚ ਕੇ ਵਾਧੂ ਲਾਭ ਲਿਆ ਜਾ ਸਕਦਾ ਹੈ। ਇੱਕ ਛੋਟੀ ਬੇਬੀ ਆਇਲ ਐਕਸਪੈਲਰ ਦੀ ਸਮਰੱਥਾ 60 ਕਿੱਲੋ ਪ੍ਰਤੀ ਘੰਟਾ ਹੁੰਦੀ ਹੈ।

**ਫੀਡ ਤਿਆਰ ਕਰਨਾ** :- ਸੰਤੁਲਿਤ ਅਤੇ ਪੌਸ਼ਟਿਕ ਪਸ਼ੂ ਖ਼ੁਰਾਕ ਡੇਅਰੀ ਧੰਦੇ ਦੇ ਮੁਨਾਫ਼ੇ ਲਈ ਬਹੁਤ ਜ਼ਰੂਰੀ ਹੈ। ਫੀਡ ਮਿੱਲ ਵਿੱਚ ਜਿੱਥੇ ਅਸੀਂ ਦਾਣਿਆਂ ਦੀ ਗਰਾਇੰਡਿੰਗ ਕਰਕੇ ਚੂਰਾ ਬਣਾ ਸਕਦੇ ਹਾਂ, ਉੱਥੇ ਨਾਲ ਹੀ ਅਸੀਂ ਇਸ ਵਿੱਚ ਲੋੜ ਅਨੁਸਾਰ ਜ਼ਰੂਰੀ ਛੋਟੇ ਤੱਤ ਮਿਕਸਰ ਦੀ ਮੱਦਦ ਨਾਲ ਮਿਲਾ ਸਕਦੇ ਹਾਂ। ਫੀਡ ਵਿੱਚ ਪ੍ਰੋਟੀਨ, ਕਾਰਬੋਹਾਇਡ੍ਰੇਟ, ਰੇਸ਼ੇ ਅਤੇ ਖਣਿਜ ਆਦਿ ਮਿਲਾ ਕੇ ਪਲੇਟ ਦਾ ਰੂਪ ਵੀ ਦਿੱਤਾ ਜਾ ਸਕਦਾ ਹੈ। ਇੱਕ ਛੋਟੀ ਮਿੱਲ ਦੀ ਸਮਰੱਥਾ ਦੋ ਕੁਇੰਟਲ ਪ੍ਰਤੀ ਘੰਟਾ ਹੁੰਦੀ ਹੈ।

**ਮਸਾਲੇ ਤਿਆਰ ਕਰਨਾ** :- ਪੰਜਾਬ ਵਿੱਚ ਮਸਾਲੇ ਵਾਲੀਆਂ ਫ਼ਸਲਾਂ ਦੀ ਕਾਸ਼ਤ ਛੋਟੇ ਪੱਧਰ 'ਤੇ ਹੁੰਦੀ ਹੈ ਪਰ ਇਹ ਰਸੋਈ ਦਾ ਅਨਿੱਖੜਵਾਂ ਹਿੱਸਾ ਹਨ। ਕਹਿਣ ਤੋਂ ਭਾਵ ਪੰਜਾਬ ਵਿੱਚ ਮਸਾਲੇ ਕਾਫ਼ੀ ਵੱਡੀ ਮਾਤਰਾ ਵਿੱਚ ਵਰਤੇ ਜਾਂਦੇ ਹਨ। ਛੋਟੇ ਪੱਧਰ 'ਤੇ ਮਸਾਲੇ ਤਿਆਰ ਕਰਕੇ ਵੀ ਆਮਦਨ ਵਿਚ ਕਾਫ਼ੀ ਵਾਧਾ ਕੀਤਾ ਜਾ ਸਕਦਾ ਹੈ। ਇਸ ਲਈ ਇੱਕ ਛੋਟੇ ਪੱਧਰ ਦਾ ਮਸਾਲਾ ਗਰਾਈਂਡਰ ਸਾਨੂੰ ਚੰਗਾ ਮੁਨਾਫ਼ਾ ਖੱਟ ਕੇ ਦੇ ਸਕਦਾ ਹੈ। ਗਰਾਈਂਡਰ ਵਿੱਚ ਹਲਦੀ ਅਤੇ ਮਿਰਚਾਂ ਦਾ ਪਾਊਡਰ ਤਿਆਰ ਕੀਤਾ ਜਾ ਸਕਦਾ ਹੈ।

ਉੱਪਰ ਦਿੱਤੀਆਂ ਜਿਣਸਾਂ ਦੀ ਪ੍ਰਾਸੈਸਿੰਗ ਲਈ ਸਿਫ਼ਾਰਿਸ਼ ਮਸ਼ੀਨਾਂ ਨੂੰ ਇੱਕ ਜਗ੍ਹਾ ਲਗਾ ਕੇ ਇੱਕ ਐਗਰੋ. ਇੰਡਸਟਰੀਅਲ ਯੂਨਿਟ ਦਾ ਰੂਪ ਦੇ ਸਕਦੇ ਹਾਂ, ਜਿਸ ਵਿੱਚ ਫ਼ਸਲਾਂ ਦੀ ਉਪਲੱਬਤਾ, ਸਰਮਾਇਆ ਲਗਾਉਣ ਦੀ ਸਮਰੱਥਾ ਅਤੇ ਤਿਆਰ ਵਸਤਾਂ ਦੀ ਮੰਗ ਨੂੰ ਦੇਖਦੇ ਹੋਏ ਕੁੱਝ ਖ਼ਾਸ-ਖ਼ਾਸ ਮਸ਼ੀਨਾਂ ਦੀ ਚੋਣ ਕਰ ਕੇ ਇਸ ਯੂਨਿਟ ਵਿੱਚ ਲਗਾਈਆਂ ਜਾ ਸਕਦੀਆਂ ਹਨ। ਪਿੰਡਾਂ ਵਿੱਚਿ ਪ੍ਰਾਸੈਸਿੰਗ ਦਾ ਕੰਮ ਸ਼ੁਰੂ ਕਰ ਕੇ ਸੂਝਵਾਨ ਕਿਸਾਨ ਆਪਣੀ ਆਮਦਨ ਵਧਾਉਣ ਦੇ ਨਾਲ-ਨਾਲ ਪਿੰਡਾਂ ਵਿੱਚ ਬੇਰੁਜ਼ਗਾਰੀ ਦਾ ਕੋਹੜ ਵੀ ਖ਼ਤਮ ਕਰ ਸਕਦੇ ਹਨ, ਕਿਉਂਕਿ ਜੇਕਰ ਇੱਕ ਆਦਮੀ ਇਹ ਸਿੱਧੇ ਤੌਰ 'ਤੇ ਕੰਮ ਸ਼ੁਰੂ ਕਰਦਾ ਹੈ ਤਾਂ ਇਸ ਨਾਲ ਚਾਰ ਹੋਰ ਲੋਕ ਅਸਿੱਧੇ ਤੌਰ 'ਤੇ ਜੁੜ ਜਾਂਦੇ ਹਨ। ਇਸੇ ਤਰ੍ਹਾਂ ਪਿੰਡਾਂ ਵਿੱਚ ਔਰਤਾਂ ਗਰੁੱਪ ਬਣਾ ਕੇ ਸਬਜ਼ੀਆਂ ਅਤੇ ਫ਼ਲਾਂ ਦੀ ਪ੍ਰਾਸੈਸਿੰਗ ਦਾ ਕੰਮ ਛੋਟੇ ਪੱਧਰ 'ਤੇ ਕਰ ਸਕਦੀਆਂ ਹਨ। ਸਬਜ਼ੀਆਂ ਅਤੇ ਫ਼ਲਾਂ ਦੀ ਵਪਾਰਿਕ ਪੱਧਰ 'ਤੇ ਪ੍ਰਾਸੈਸਿੰਗ ਕਰਨਾ ਮਹਿੰਗਾ ਹੈ। ਇਸ ਲਈ ਜਦੋਂ ਹਾੜ੍ਹੀ ਦੀਆਂ ਸਬਜ਼ੀਆਂ ਦੀ ਪੈਦਾਵਾਰ ਜ਼ਿਆਦਾ ਹੋਣ ਨਾਲ ਇਨ੍ਹਾਂ ਦੀ ਮੰਡੀ ਵਿੱਚ ਕੀਮਤ ਘਟ ਜਾਂਦੀ ਹੈ, ਤਾਂ ਪੇਂਡੂ ਸੁਆਣੀਆਂ ਇਨ੍ਹਾਂ ਤੋਂ ਕੁੱਝ ਪਦਾਰਥ ਜਿਵੇਂ ਕਿ ਕੈਂਡੀ, ਆਚਾਰ, ਮੁਰੱਬੇ, ਚੱਟਣੀ ਅਤੇ ਜੈਮ ਆਦਿ ਤਿਆਰ ਕਰ ਸਕਦੀਆਂ ਹਨ। ਸਬਜ਼ੀਆਂ ਅਤੇ ਫ਼ਲਾਂ ਦੀ ਵੱਖੋ-ਵੱਖ ਕਿਸਮਾਂ ਦੀ ਪੈਕਿੰਗ (ਜਿਵੇਂ ਕਿ modified atmospheric packaging and shrink packaging) ਕਰਕੇ ਇਨ੍ਹਾਂ ਦਾ ਮੁੱਲ ਵਧਾਇਆ ਜਾ ਸਕਦਾ ਹੈ। ਧਨੀਆਂ, ਪਾਲਕ, ਮੇਥੀ ਅਤੇ ਸਾਗ ਨੂੰ ਸਾਫ਼ ਕਰਕੇ ਛੋਟੀਆਂ ਪੈਕਿੰਗਾਂ ਤਿਆਰ ਕੀਤੀਆਂ ਜਾ ਸਕਦੀਆਂ ਹਨ, ਜਿੰਨ੍ਹਾਂ ਦੀ ਸ਼ਹਿਰ ਵਿੱਚ ਬਹੁਤ ਮੰਗ ਹੈ। ਬੀਬੀਆਂ ਪੁਰਾਣੇ ਸਮੇਂ ਵਾਲਾ ਸਬਜ਼ੀਆਂ ਸੁਕਾਉਣ ਦਾ ਕੰਮ ਵਧੀਆ ਸੋਧੇ ਹੋਏ ਰੂਪ ਵਿੱਚ ਸੋਲਰ ਡਰਾਇਰ ਦੀ ਮੱਦਦ ਨਾਲ ਕਰ ਸਕਦੀਆਂ ਹਨ। ਸਰਦੀਆਂ ਵਿੱਚ ਬਹੁਤਾਤ ਵਿੱਚ ਮਿਲਣ ਵਾਲੇ ਧਨੀਆ, ਮੇਥੀ, ਕੜੀ ਪੱਤੇ ਨੂੰ ਸੁਕਾ ਕੇ ਮਸਾਲਾ ਪਾਊਡਰ ਬਣਾ ਸਕਦੇ ਹਾਂ ਜਿਸ ਦੀ ਵਰਤੋਂ ਥੁੜ੍ਹ ਵਾਲੇ ਗਰਮੀਆਂ ਅਤੇ ਮੀਹਾਂ ਦੇ ਸਮੇਂ ਕਰ ਸਕਦੇ ਹਾਂ। ਇੰਨ੍ਹਾਂ ਤੋਂ ਇਲਾਵਾ ਸ਼ਹਿਦ, ਹਲਦੀ, ਲਸਣ ਅਤੇ ਗੁੜ ਦੀ ਛੋਟੇ ਪੱਧਰ ਦੀ ਪ੍ਰਾਸੈਸਿੰਗ ਇੰਨ੍ਹਾਂ ਵਸਤਾਂ ਦੀ ਕੀਮਤ ਵਿੱਚ ਬਹੁਤ ਵਾਧਾ ਕਰਦੀ ਹੈ। ਸੋਇਆਬੀਨ ਤੋਂ ਤਿਆਰ ਦੁੱਧ, ਪਨੀਰ ਦੀ ਵੀ ਸ਼ਹਿਰ ਵਿੱਚ ਬਹੁਤ ਮੰਗ ਹੈ। ਇਸ ਲਈ ਵੀ ਪਲਾਂਟ ਲਗਾ ਕੇ ਕੰਮ ਸ਼ੁਰੂ ਕੀਤਾ ਜਾ ਸਕਦਾ ਹੈ। ਛੋਟੇ ਪੱਧਰ 'ਤੇ ਇਸ ਕੰਮ ਦੀ ਸ਼ੁਰੂਆਤ ਬਹੁਤ ਮਹਿੰਗੀ ਨਹੀਂ ਹੈ।

ਪੰਜਾਬ ਵਿੱਚ ਕਾਸ਼ਤ ਕੀਤੀਆਂ ਜਾਣ ਵਾਲੀਆਂ ਖਰਬੂਜ਼ੇ, ਤਰਬੂਜ਼, ਤਿਲ, ਅਲਸੀ, ਸੂਰਜਮੁਖੀ ਦੇ ਬੀਜਾਂ ਨੂੰ ਮਿਲਾ ਕੇ ਸੁਪਰ ਸੀਡ ਬਣਾ ਸਕਦੇ ਹਾਂ, ਜਿਸ ਦੀ ਬਾਜ਼ਾਰ ਵਿੱਚ ਕੀਮਤ 1000 ਰੁਪਏ ਪ੍ਰਤੀ ਕਿੱਲੋ ਤੱਕ ਹੈ। ਜ਼ਿਕਰਯੋਗ ਹੈ ਕਿ ਇਸ ਮਹਿੰਗੇ ਵਿਕਣ ਵਾਲੇ ਮਿਸ਼ਰਨ ਨੂੰ ਬੜੀ ਆਸਾਨੀ ਨਾਲ ਤਿਆਰ ਕੀਤਾ ਜਾ ਸਕਦਾ ਹੈ।

**ਸਾਇਸ਼ਾ ਖੰਨਾ ਅਤੇ ਬਿੰਦੂ ਮਰਵਾਹਾ**

# ਗਰਮ ਰੁੱਤ ਦੀਆਂ ਦਾਲਾਂ ਉਗਾਓ
# ਫਸਲੀ ਵਿਭਿੰਨਤਾ ਵਿੱਚ ਹਿੱਸਾ ਪਾਓ

**ਮਨਪ੍ਰੀਤ ਜੈਦਕਾ ਅਤੇ ਅਮਨਦੀਪ ਸਿੰਘ ਬਰਾੜ,**
**ਕ੍ਰਿਸ਼ੀ ਵਿਗਿਆਨ ਕੇਂਦਰ, ਮੋਗਾ (ਮੋ. 98776-73363)**

ਗਰਮ ਰੁੱਤ ਦੀ ਮੂੰਗੀ ਦੀਆਂ ਫਲੀਆਂ ਤੋੜ ਕੇ ਮੂੰਗੀ ਨੂੰ ਖੇਤ ਵਿਚ ਵਾਹੁਣ ਨਾਲ ਅਗਲੀ ਝੋਨੇ ਦੀ ਫਸਲ ਵਿਚ 1/3 ਹਿੱਸੇ ਤੱਕ ਨਾਈਟ੍ਰੋਜਨ ਦੀ ਬੱਚਤ ਕੀਤੀ ਜਾ ਸਕਦੀ ਹੈ।

**ਉੱਨਤ ਕਿਸਮਾਂ** : ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਵੱਲੋਂ ਗਰਮ ਰੁੱਤ ਦੀ ਮੂੰਗੀ ਅਤੇ ਮਾਂਹ ਹੇਠ ਲਿਖੀਆਂ ਉੱਨਤ ਕਿਸਮਾਂ ਦੀ ਸਿਫਾਰਿਸ਼ ਕੀਤੀ ਗਈ ਹੈ :

| ਕਿਸਮ | ਪੱਕਣ ਲਈ ਦਿਨ | ਔਸਤਨ ਝਾੜ (ਕੁਇੰਟਲ/ਏਕੜ) |
|---|---|---|
| **ਮੂੰਗੀ** | | |
| ਐਸ. ਐਮ. ਐਲ.- 1827 | 62 | 5.0 |
| ਐਸ. ਐਮ. ਐਲ.-832 | 61 | 4.6 |
| ਐਸ. ਐਮ. ਐਲ.-668 | 60 | 4.5 |
| **ਮਾਂਹ** | | |
| ਮਾਂਹ- 1137 | 74 | 4.5 |
| ਮਾਂਹ- 1008 | 72 | 4.2 |

**ਜ਼ਮੀਨ ਦੀ ਤਿਆਰੀ** : ਮੂੰਗੀ ਅਤੇ ਮਾਂਹ ਦੀ ਬਿਜਾਈ ਲਈ ਖੇਤ ਨੂੰ 2-3 ਵਾਰ ਵਾਹ ਕੇ ਅਤੇ ਹਰ ਵਾਰ ਸੁਹਾਗਾ ਮਾਰ ਦੇ ਤਿਆਰ ਕਰਨਾ ਚਾਹੀਦਾ ਹੈ। ਖੇਤ ਦੀ ਬਿਨਾਂ ਵਹਾਈ ਮੂੰਗੀ ਦੀ ਬਿਜਾਈ ਲਈ ਜੇਕਰ ਵਿਚ ਕਣਕ ਦਾ ਨਾੜ ਨਾ ਹੋਵੇ ਤਾਂ ਮੂੰਗੀ ਜ਼ੀਰੋ-ਟਿਲ ਡਰਿਲ ਨਾਲ ਅਤੇ ਜੇਕਰ ਕਣਕ ਦਾ ਨਾੜ ਖੇਤ ਵਿਚ ਹੋਵੇ ਤਾਂ ਮੂੰਗੀ ਦੀ



ਬਿਜਾਈ ਪੀ ਏ ਯੂ ਹੈਪੀ ਸੀਡਰ ਨਾਲ ਕੀਤੀ ਜਾ ਸਕਦੀ ਹੈ।

**ਬੀਜ ਨੂੰ ਟੀਕਾ ਲਾਉਣਾ** : ਮੂੰਗੀ ਦੇ ਇਕ ਏਕੜ ਦੇ ਬੀਜ ਨਾਲ ਮਿਸ਼ਰਤ ਜੀਵਾਣੂੰ ਖਾਦ ਦੇ ਟੀਕੇ ਦੇ ਇਕ ਪੈਕੇਟ (ਰਾਈਜ਼ੋਬੀਅਮ ਐਲ ਐਸ ਐਮ ਆਰ-1 ਅਤੇ ਰਾਈਜ਼ੋਬੈਕਟੀਰੀਅਮ ਆਰ ਬੀ-3) ਨੂੰ ਤਕਰੀਬਨ 300 ਮਿਲੀਲਿਟਰ ਪਾਣੀ ਵਰਤ ਕੇ ਚੰਗੀ ਤਰ੍ਹਾਂ ਝੱਸ ਕੇ ਛਾਂਵੇਂ ਸੁਕਾਓ। ਇਸੇ ਤਰ੍ਹਾਂ ਮਾਂਹ ਦੇ ਇੱਕ ਏਕੜ ਦੇ ਬੀਜ ਨੂੰ ਘੱਟ ਤੋਂ ਘੱਟ ਪਾਣੀ ਵਰਤ ਕੇ ਚੰਗੀ ਤਰ੍ਹਾਂ ਝੱਸ ਕੇ ਛਾਂਵੇਂ ਸੁਕਾਓ। ਇਸੇ ਤਰ੍ਹਾਂ ਮਾਂਹ ਦੇ ਇੱਕ ਏਕੜ ਦੇ ਬੀਜ ਨੂੰ ਘੱਟ ਤੋਂ ਘੱਟ ਪਾਣੀ ਵਰਤ ਕੇ ਰਾਈਜ਼ੋਬੀਅਮ (ਐਲ ਯੂ ਆਰ 6) ਦੇ ਇਕ ਪੈਕਟ ਨੂੰ ਚੰਗੀ ਤਰ੍ਹਾਂ ਬੀਜ ਨਾਲ ਝੱਸੋ ਅਤੇ ਛਾਂ ਵਿਚ ਸੁਕਾਓ। ਸਨੂੰ ਬੀਜ ਸੋਧ ਤੋਂ ਇਕ ਘੰਟੇ ਦੇ ਅੰਦਰ ਫਸਲ ਦੀ ਬਿਜਾਈ ਕਰਨੀ ਚਾਹੀਦੀ ਹੈ। ਜੀਵਾਣੂੰ ਖਾਦ ਦਾ ਇਹ ਟੀਕਾ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਦੇ ਗੇਟ ਨੰ. 1 ਤੇ ਬੀਜਾਂ ਦੀ ਦੁਕਾਨ ਅਤੇ ਵੱਖੋ-ਵੱਖਰੇ ਜ਼ਿਲ੍ਹਿਆਂ ਵਿਚ ਕ੍ਰਿਸ਼ੀ ਵਿਗਿਆਨ ਕੇਂਦਰਾਂ/ਫਾਰਮ ਸਲਾਹਕਾਰ ਕੇਂਦਰਾਂ ਤੋਂ ਮਿਲਦਾ ਹੈ।

**ਬਿਜਾਈ ਦਾ ਸਮਾਂ, ਬੀਜ ਦੀ ਮਾਤਰਾ ਅਤੇ ਢੰਗ** : ਗਰਮ ਰੁੱਤ ਦੀ ਮੂੰਗੀ ਦੀ ਬਿਜਾਈ ਲਈ 20 ਮਾਰਚ ਤੋਂ 10 ਅਪ੍ਰੈਲ ਅਤੇ ਮਾਂਹ ਲਈ 15 ਮਾਰਚ ਤੋਂ ਅਪ੍ਰੈਲ ਦੇ ਪਹਿਲੇ ਹਫਤੇ ਤੱਕ ਸਿਫਾਰਿਸ਼ ਕੀਤੀ ਗਈ ਹੈ। ਕਿਸਾਨ ਵੀਰ ਗਰਮ ਰੁੱਤ ਦੀ ਮੂੰਗੀ ਦੀ ਬਿਜਾਈ ਅਪ੍ਰੈਲ ਦੇ ਤੀਜੇ ਹਫਤੇ ਤੱਕ ਵੀ ਕਰ ਸਕਦੇ ਹਨ ਪਰ ਪਿਛੇਤੀ ਬਿਜਾਈ ਨਾਲ ਇਸ ਦੇ ਪੱਕਣ ਸਮੇਂ ਮੀਂਹ ਪੈਣ ਕਾਰਨ ਝਾੜ ਦਾ ਨੁਕਸਾਨ ਹੋਣ ਦਾ ਖਤਰਾ ਰਹਿੰਦਾ ਹੈ। ਮੂੰਗੀ ਦੀ ਕਿਸਮ ਐਸ.ਐਮ.ਐਲ-668 ਲਈ 15 ਕਿਲੋ, ਐਸ.ਐਮ.ਐਲ- 1827 ਅਤੇ ਐਸ.ਐਮ.ਐਲ-832 ਲਈ 12 ਕਿਲੋ ਬੀਜ/ਏਕੜ ਬੀਜ ਕਾਫੀ ਹੁੰਦਾ ਹੈ। ਮਾਂਹ ਲਈ 20 ਕਿਲੋ ਬੀਜ/ਏਕੜ ਸਿਫਾਰਿਸ਼ ਕੀਤਾ ਗਿਆ ਹੈ। ਗਰਮ ਰੁੱਤ ਦੀ ਮੂੰਗੀ ਦੀ ਬਿਜਾਈ ਕਤਾਰ ਤੋਂ ਕਤਾਰ ਦਾ ਫਾਸਲਾ 17.5 ਤੋਂ 22.5 ਸੈਂਟੀਮੀਟਰ ਰੱਖ ਕੇ ਕਰਨੀ ਚਾਹੀਦੀ ਹੈ। ਗਰਮ ਰੁੱਤ ਦੇ ਮਾਂਹ ਦੀ ਬਿਜਾਈ ਕਤਾਰ ਤੋਂ ਕਤਾਰ ਦਾ ਫਾਸਲਾ 22.5 ਸੈਂਟੀਮੀਟਰ ਰੱਖ ਕੇ ਕਰਨੀ ਚਾਹੀਦੀ ਹੈ। ਮੂੰਗੀ ਅਤੇ ਮਾਂਹ ਦੀ ਬੀਜ ਦੀ ਡੂੰਘਾਈ 4-6 ਸੈਂਟੀਮੀਟਰ ਰੱਖਣੀ ਚਾਹੀਦੀ ਹੈ। ਦਰਮਿਆਨੀਆਂ ਅਤੇ ਭਾਰੀਆਂ ਜ਼ਮੀਨਾਂ ਵਿਚ ਮੂੰਗੀ ਦੀ ਬਿਜਾਈ 67.5 ਸੈਂਟੀਮੀਟਰ ਵਿੱਥ ਦੇ ਬੈਂਡਾਂ (37.5 ਸੈਂਟੀਮੀਟਰ ਬੈਂਡ ਦਾ ਉੱਪਰਲਾ ਹਿੱਸਾ ਤੇ 30 ਸੈਂਟੀਮੀਟਰ ਖਾਲੀ) ਉੱਤੇ ਮੂੰਗੀ ਦੀਆਂ ਦੋ ਕਤਾਰਾਂ 20 ਸੈਂਟੀਮੀਟਰ ਦੇ ਫਾਸਲੇ ਤੇ ਰੱਖ ਕੇ ਕੀਤੀ ਜਾ



ਸਕਦੀ ਹੈ। ਇਸ ਨਾਲ ਪਾਣੀ ਦੀ 20-30 ਪ੍ਰਤੀਸ਼ਤ ਤੱਕ ਬੱਚਤ ਹੁੰਦੀ ਹੈ ਅਤੇ ਝਾੜ ਵਿਚ ਵਾਧਾ ਵੀ ਮਿਲਦਾ ਹੈ।

**ਖਾਦਾਂ** : ਗਰਮ ਰੁੱਤ ਦੀ ਮੂੰਗੀ ਨੂੰ 11 ਕਿਲੋ ਯੂਰੀਆ, 100 ਕਿਲੋ ਸੁਪਰਫਾਸਫੇਟ ਅਤੇ ਮਾਂਹ ਨੂੰ 11 ਕਿਲੋ ਯੂਰੀਆ ਅਤੇ 60 ਕਿਲੋ ਸੁਪਰਫਾਸਫੇਟ ਪ੍ਰਤੀ ਏਕੜ ਦੀ ਸਿਫਾਰਿਸ਼ ਕੀਤੀ ਗਈ ਹੈ। ਇਹਨਾਂ ਫਸਲਾਂ ਵਿਚ ਡੀ.ਏ.ਪੀ. ਖਾਦ ਦੀ ਜਗ੍ਹਾ ਸੁਪਰਫਾਸਫੇਟ ਨੂੰ ਪਹਿਲ ਦੇਣੀ ਚਾਹੀਦੀ ਹੈ। ਕਿਉਂਕਿ ਸੁਪਰਫਾਸਫੇਟ ਪਾਉਣ ਨਾਲ ਫਸਲ ਦੀ ਗੁਣਵੱਤਾ ਵਿਚ ਸੁਧਾਰ ਆਉਂਦਾ ਹੈ। ਜੇਕਰ ਮੂੰਗੀ ਦੀ ਕਾਸ਼ਤ ਆਲੂਆਂ ਦੀ ਫਸਲ ਤੋਂ ਬਾਅਦ ਕਰਨੀ ਹੋਵੇ ਤਾਂ ਇਸ ਨੂੰ ਕੋਈ ਵੀ ਖਾਦ ਪਾਉਣ ਦੀ ਜ਼ਰੂਰਤ ਨਹੀਂ ਪੈਂਦੀ।

**ਨਦੀਨਾਂ ਦੀ ਰੋਕਥਾਮ** : ਨਦੀਨਾਂ ਦੀ ਕਾਬੂ ਪਾਉਣ ਲਈ ਗਰਮ ਰੁੱਤ ਦੀ ਮੂੰਗੀ ਦੀ ਬਿਜਾਈ ਤੋਂ 4 ਅਤੇ 6 ਹਫਤੇ ਬਾਅਦ ਦੋ ਗੋਡੀਆਂ ਕਰਨੀਆਂ ਚਾਹੀਦੀਆਂ ਹਨ। ਇਸ ਤੋਂ ਇਲਾਵਾ ਬੀਜਾਈ ਤੋਂ 20-25 ਦਿਨਾਂ ਤੇ ਪਰਸੂਟ 10 ਐਲ ਐਲ (ਇਮੇਜ਼ਥਾਪਾਇਰ) ਨਦੀਨਨਾਸ਼ਕ 300 ਮਿਲੀਲਿਟਰ/ਏਕੜ ਦੇ ਹਿਸਾਬ ਨਾਲ 150 ਲਿਟਰ ਪਾਣੀ ਵਰਤ ਕੇ ਘਾਹ, ਚੌੜੀ ਪੱਤੀ ਵਾਲੇ ਨਦੀਨ ਅਤੇ ਮੋਥੇ ਦੀ ਰੋਕਥਾਮ ਕੀਤੀ ਜਾ ਸਕਦੀ ਹੈ। ਮਾਂਹ ਵਿਚ ਇਕ ਗੋਡੀ ਬਿਜਾਈ ਤੋਂ 4 ਹਫਤੇ ਬਾਅਦ ਕਰਨੀ ਚਾਹੀਦੀ ਹੈ।

**ਸਿੰਚਾਈ** : ਗਰਮ ਰੁੱਤ ਦੀਆਂ ਦਾਲਾਂ ਨੂੰ ਜ਼ਮੀਨ ਅਤੇ ਬਾਰਿਸ਼ ਅਨੁਸਾਰ 3-5 ਪਾਣੀਆਂ ਦੀ ਲੋੜ ਪੈਂਦੀ ਹੈ। ਫਸਲ ਦੇ ਇਕਸਾਰ ਪਕਾਅ ਲਈ ਗਰਮ ਰੁੱਤ ਦੀ ਮੂੰਗੀ ਅਤੇ ਮਾਂਹ ਨੂੰ ਅਖੀਰਲਾ ਪਾਣੀ ਬਿਜਾਈ ਤੋਂ ਕ੍ਰਮਵਾਰ 55 ਅਤੇ 60 ਦਿਨ ਬਾਅਦ ਲਾ ਦੇਣਾ ਚਾਹੀਦਾ ਹੈ।

**ਕੀਟ ਅਤੇ ਬਿਮਾਰੀ ਪ੍ਰਬੰਧਨ** : ਥਰਿੱਪ ਇਕ ਬਹੁਤ ਛੋਟਾ ਅਤੇ ਗੂੜ੍ਹੇ ਭੂਰੇ ਰੰਗ ਕੀੜਾ ਹੈ ਜੋ ਗਰਮ ਰੁੱਤ ਦੀਆਂ ਦਾਲਾਂ ਉੱਪਰ ਹਮਲਾ ਕਰਕੇ ਫੁੱਲਾਂ ਦਾ ਰਸ ਚੂਸਦਾ ਹੈ। ਨਤੀਜੇ ਵਜੋਂ ਫੁੱਲ ਖੁੱਲ੍ਹਣ ਤੋਂ ਪਹਿਲਾਂ ਹੀ ਝੜ ਜਾਂਦੇ ਹਨ, ਫਲੀਆਂ ਘੱਟ ਪੈਣ ਨਾਲ ਝਾੜ ਘਟ ਜਾਂਦਾ ਹੈ। ਇਸ ਦੀ ਰੋਕਥਾਮ ਗੈਰ-ਰਸਾਇਣਿਕ ਢੰਗ ਜਿਵੇਂ ਕਿ 30 ਨੀਲੇ ਟਰੈਪ/ਪ੍ਰਤੀ ਏਕੜ ਦੇ ਹਿਸਾਬ ਨਾਲ ਫੁੱਲ ਪੈਣ ਵੇਲੇ ਲਗਾਓ ਅਤੇ ਲੋੜ ਪੈਣ ਤੇ ਟਰੈਪ ਨੂੰ 10 ਦਿਨਾਂ ਬਾਅਦ ਬਦਲ ਦਿਓ। ਇਸ ਤੋਂ ਇਲਾਵਾ ਫਸਲ ਵਿਚ ਫੁੱਲ ਪੈਣ ਵੇਲੇ ਘਰ ਤਿਆਰ ਕੀਤੇ ਹੋਏ ਨਿੰਮ ਦੇ ਘੋਲ ਨੂੰ 1750 ਮਿਲੀਲਿਟਰ/ਏਕੜ ਦੇ ਹਿਸਾਬ 80-100 ਲਿਟਰ ਪਾਣੀ ਵਿਚ ਘੋਲ ਨੂੰ ਤਿਆਰ ਕਰਨ ਲਈ 5.0 ਕਿਲੋ ਨਿੰਮ ਦੇ ਪੱਤੇ ਅਤੇ ਨਿਮੋਲੀਆਂ ਦੇ ਮਿਸ਼ਰਣ ਨੂੰ 10 ਲਿਟਰ ਪਾਣੀ ਵਿਚ 30 ਮਿੰਟ ਲਈ ਉਬਾਲੋ। ਇਸ ਘੋਲ ਨੂੰ ਕੱਪੜ ਛਾਣ ਕਰ ਲਓ ਅਤੇ ਤਰਲ ਨੂੰ ਸਿਫਾਰਸ਼ ਕੀਤੀ ਮਾਤਰਾ ਮੁਤਾਬਿਕ ਛਿੜਕਾਅ ਕਰੋ। ਤੰਬਾਕੂ ਸੁੰਡੀ ਬਹੁ-ਫਸਲੀ ਕੀੜਾ ਹੈ ਜਿਸ ਦੀਆਂ ਸੁੰਡੀਆਂ ਅੰਡਿਆਂ ਵਿੱਚੋਂ ਨਿਕਲਣ ਉਪਰੰਤ ਝੁੰਡਾਂ ਵਿਚ ਪੱਤਿਆਂ ਦਾ ਹਰਾ ਮਾਦਾ ਖਾ ਕੇ ਪੱਤਿਆਂ ਨੂੰ ਛਾਨਣੀ ਕਰ ਦਿੰਦੀਆਂ ਹਨ। ਵੱਡੀਆਂ ਸੁੰਡੀਆਂ ਸਾਰੇ ਖੇਤ ਵਿਚ ਖਿੱਲਰ ਕੇ ਪੱਤਿਆਂ ਦੇ ਨਾਲ ਡੋਡੀਆਂ, ਫੁੱਲ ਅਤੇ ਫਲੀਆਂ ਦਾ ਨੁਕਸਾਨ ਵੀ ਕਰਦੀਆਂ ਹਨ। ਇਸ ਕੀੜੇ ਰੋਕਥਾਮ ਲਈ ਫਸਲ ਦੀ ਬਿਜਾਈ ਸਮੇਂ ਸਿਰ ਕਰੋ। ਕੁਝ ਨਦੀਨ ਜਿਵੇਂ ਕਿ ਇਟਸਿਟ/ਚਪੱਤੀ ਤੰਬਾਕੂ ਸੁੰਡੀ ਲਈ ਬਦਲਵੇਂ ਪੌਦੇ ਹਨ ਇਸ ਲਈ ਖੇਤ ਨੂੰ ਇਹਨਾਂ ਨਦੀਨਾਂ ਤੋਂ ਮੁਕਤ ਰੱਖਣਾ ਚਾਹੀਦਾ ਹੈ। ਇਸ ਤੋਂ ਇਲਾਵਾ ਕਿਉਂਕਿ ਤੰਬਾਕੂ ਸੁੰਡੀ ਦੀਆਂ ਛੋਟੀਆਂ ਸੁੰਡੀਆਂ ਝੁੰਡਾਂ ਵਿਚ ਨੁਕਸਾਨ ਕਰਦੀਆਂ ਹਨ, ਇਸ ਲਈ ਖੇਤ ਦਾ ਸਰਵੇਖਣ ਕਰਕੇ ਝੁੰਡਾਂ ਨੂੰ ਪੱਤਿਆਂ ਸਮੇਤ ਨਸ਼ਟ ਕਰ ਦੇਣਾ ਚਾਹੀਦਾ ਹੈ। ਮੂੰਗੀ ਦਾ ਚਿਤਕਬਰਾ ਰੋਗ ਚਿੱਟੀ ਮੱਖੀ ਰਾਹੀਂ ਫੈਲਦਾ ਹੈ ਜਿਸ ਨਾਲ ਰੋਗੀ ਬੂਟਿਆਂ ਦੇ ਪੱਤਿਆਂ ਉੱਤੇ ਪੀਲੇ ਅਤੇ ਹਰੇ ਰੰਗ ਦੇ ਚਿਤਕਬਰੇ ਚਟਾਕ ਪੈ ਜਾਂਦੇ ਹਨ ਅਤੇ ਫਲੀਆਂ ਨਾ-ਮਾਤਰ ਜਾਂ ਬਿਲਕੁਲ ਨਹੀਂ ਲੱਗਦੀਆਂ ਹਨ। ਇਸ ਬਿਮਾਰੀ ਦੀ ਰੋਕਥਾਮ ਲਈ ਫਸਲ ਦੀ ਬਿਜਾਈ ਸਮੇਂ ਸਿਰ ਕਰੋ। ਬਿਮਾਰੀ ਦੇ ਆਰੰਭ ਵਿਚ ਹੀ ਰੋਗੀ ਬੂਟੇ ਕੱਢ ਦਿਉ। ਇਸ ਰੋਗ ਦਾ ਟਾਕਰਾ ਕਰਨ ਵਾਲੀ ਮੂੰਗੀ ਦੀ ਕਿਸਮ ਐਸ ਐਮ ਐਲ 1827, ਮਾਂਹ ਦੀਆਂ ਕਿਸਮਾਂ ਮਾਂਹ 1137 ਅਤੇ ਮਾਂਹ 1008 ਦੀ ਕਾਸ਼ਤ ਨੂੰ ਪਹਿਲ ਦਿਓ।

# ਕਣਕ ਵਿਚ ਬਚੇ ਹੋਏ ਨਦੀਨਾਂ ਨੂੰ ਹੱਥੀ ਕੱਢਣਾ ਲਾਜ਼ਮੀ

ਫਸਲ ਦਾ ਚੰਗਾ ਝਾੜ ਲੈਣ ਲਈ ਸਮੇਂ ਸਿਰ ਨਦੀਨਾਂ ਦਾ ਪ੍ਰਬੰਧਨ ਕਰਨਾ ਬਹੁਤ ਜ਼ਰੂਰੀ ਹੁੰਦਾ ਹੈ। ਸਹੀ ਸਮੇਂ ਤੇ ਨਦੀਨਾਂ ਦੀ ਰੋਕਥਾਮ ਨਾ ਹੋਵੇ ਤਾਂ ਇਹ ਫਸਲ ਦੇ ਝਾੜ ਤੇ ਬਹੁਤ ਮਾੜਾ ਪ੍ਰਭਾਵ ਪਾਉਂਦੇ ਹਨ ਅਤੇ ਮੰਡੀਕਰਨ ਨੂੰ ਪ੍ਰਭਾਵਿਤ ਕਰਦੇ ਹਨ। ਕਣਕ ਵਾਲੇ ਖੇਤਾਂ ਵਿਚ ਘਾਹ ਵਾਲੇ ਨਦੀਨ ਜਿਵੇਂ ਕਿ ਗੁੱਲੀ ਡੰਡਾ, ਜੰਗਲੀ ਜਵੀਂ, ਬੂੰਈ, ਲੂੰਬੜ ਘਾਹ ਅਤੇ ਚੌੜੇ ਪੱਤਿਆਂ ਵਾਲੇ ਨਦੀਨ ਜਿਵੇਂ ਕਿ ਜੰਗਲੀ ਪਾਲਕ, ਬਾਥੂ, ਮੈਣਾ/ਖੰਡੀ, ਜੰਗਲੀ ਹਾਲੋਂ, ਜੰਗਲੀ ਸੇਂਜੀ, ਕੰਡਿਆਲੀ ਪਾਲਕ, ਬਟਨ ਬੂਟੀ, ਰਾਰੀ/ਰੇਵਾੜੀ, ਹਿਰਨਖੁਰੀ ਆਦਿ ਪਾਏ ਜਾਂਦੇ ਹਨ। ਕਣਕ ਵਿਚ ਨਦੀਨ ਵੱਖ-ਵੱਖ ਸਮੇਂ ਤੇ ਕਈ ਲੌਆਂ ਵਿਚ ਉੱਗਦੇ ਹਨ। ਸ਼ੁਰੂਆਤ ਵਿਚ ਕਣਕ ਦੇ ਜੰਮ ਦੇ ਨਾਲ ਉੱਗਣ ਵਾਲੇ ਨਦੀਨ ਕਣਕ ਦੇ ਝਾੜ ਉੱਤੇ ਜ਼ਿਆਦਾ ਅਸਰ ਪਾਉਂਦੇ ਹਨ। ਇਹਨਾਂ ਨਦੀਨਾਂ ਦੀ ਰੋਕਥਾਮ ਲਈ ਕਣਕ ਦੀ ਬਿਜਾਈ ਸਮੇਂ ਵੱਖ-ਵੱਖ ਕਾਸ਼ਤਕਾਰੀ ਅਤੇ ਮਸ਼ੀਨੀ ਢੰਗਾਂ ਨੂੰ ਰਸਾਇਣਿਕ ਤਰੀਕਿਆ ਦੇ ਨਾਲ ਸੁਮੇਲ ਕਰਕੇ ਨਦੀਨਾਂ ਦੀ ਸਰਵਪੱਖੀ ਰੋਕਥਾਮ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਪਰ ਕਈ ਵਾਰ ਨਦੀਨ ਪ੍ਰਬੰਧਨ ਅਪਣਾਉਣ ਤੋਂ ਬਾਅਦ ਵੀ ਖੇਤਾਂ ਵਿਚ ਬਹੁਤ ਸਾਰੇ ਨਦੀਨ ਬਚ ਜਾਂਦੇ ਹਨ ਜਾਂ ਫਸਲ ਦੇ ਪਿਛਲੇ ਪੜਾਅ ਵਿਚ ਉੱਗ ਪੈਂਦੇ ਹਨ। ਇਹ ਬਚੇ ਹੋਏ ਨਦੀਨ ਫਸਲ ਦੇ ਝਾੜ ਤੇ ਅਸਰ ਪਾਉਣ ਦੇ ਨਾਲ-ਨਾਲ ਆਉਣ ਵਾਲੇ ਸੀਜ਼ਨ ਦੌਰਾਨ ਫਸਲ ਵਿਚ ਨਦੀਨਾਂ ਦੀ ਸਮੱਸਿਆ ਨੂੰ ਵਧਾ ਦਿੰਦੇ ਹਨ।

ਖੇਤ ਵਿਚ ਮੌਜੂਦ ਨਦੀਨਾਂ ਦੇ ਬੀਜ ਨੂੰ 'ਨਦੀਨਾਂ ਦੇ ਬੀਜ ਦੀ ਜਮ੍ਹਾਂ-ਪੂੰਜੀ' ਕਿਹਾ ਜਾਂਦਾ ਹੈ। ਨਦੀਨਾਂ ਦੇ ਇਹ ਬੀਜ ਕਈ ਸਾਲਾਂ ਤੱਕ ਖੇਤ ਵਿਚ ਪਏ ਰਹਿੰਦੇ ਹਨ ਅਤੇ ਹਰ ਸਾਲ ਇਹਨਾਂ ਬੀਜਾਂ ਦਾ ਕੁਝ ਹਿੱਸਾ ਹੀ ਉਗਦਾ ਹੈ ਅਤੇ ਫਸਲ ਨੂੰ ਪ੍ਰਭਾਵਿਤ ਕਰਦਾ ਹੈ। ਜਿਵੇਂ ਜਿਵੇਂ



ਖੇਤਾਂ ਵਿਚ 'ਨਦੀਨਾਂ ਦੇ ਬੀਜ ਦੀ ਜਮ੍ਹਾਂ-ਪੂੰਜੀ' ਵਿਚ ਵਾਧਾ ਹੁੰਦਾ ਜਾਂਦਾ ਹੈ, ਨਦੀਨਾਂ ਦੀ ਸਮੱਸਿਆ ਗੰਭੀਰ ਰੂਪ ਧਾਰਨ ਕਰਦੀ ਜਾਂਦੀ ਹੈ। ਜ਼ਿਕਰਯੋਗ ਹੈ ਕਿ ਵੱਖ-ਵੱਖ ਨਦੀਨਾਂ ਵਿਚ ਬੀਜ ਪੈਦਾ ਕਰਨ ਦੀ ਸਮਰੱਥਾ ਫਸਲਾਂ ਦੇ ਮੁਕਾਬਲੇ ਵਿਚ ਬਹੁਤ ਜ਼ਿਆਦਾ ਹੁੰਦੀ ਹੈ। ਉਦਾਹਰਨ ਦੇ ਤੌਰ ਤੇ ਗੁੱਲੀਡੰਡੇ ਦਾ ਇਕ ਬੂਟਾ ਲਗਭਗ 1000-1200 ਬੀਜ, ਬਾਥੂ ਦਾ ਇੱਕ ਬੂਟਾ 30000-176000 ਬੀਜ ਪੈਦਾ ਕਰਨ ਦਾ ਸਮਰੱਥਾ ਰੱਖਦਾ ਹੈ। ਜੇਕਰ ਕਿਸੇ ਸਾਲ ਮਾੜੇ ਨਦੀਨ ਪ੍ਰਬੰਧਨ ਕਰਕੇ ਖੇਤ ਵਿਚ ਨਦੀਨਾਂ ਦੀ ਸਹੀ ਰੋਕਥਾਮ ਨਾ ਹੋ ਸਕੇ ਤਾਂ ਇਹਨਾਂ ਨਦੀਨਾਂ ਤੋਂ ਪੈਦਾ ਹੋਇਆ ਬੀਜ ਕਈ ਸਾਲਾਂ ਤੱਕ ਨਦੀਨਾਂ ਦੀ ਸਮੱਸਿਆ ਪੈਦਾ ਕਰ ਸਕਦਾ ਹੈ। ਲੰਬੇ ਸਮੇਂ ਦੇ ਨਦੀਨ ਪ੍ਰਬੰਧਨ ਲਈ ਜ਼ਰੂਰੀ ਹੈ ਕਿ ਕਿਸੇ ਵੀ ਕਾਰਨ ਕਰਕੇ ਬਚੇ ਹੋਏ ਨਦੀਨਾਂ ਨੂੰ ਖੇਤ ਵਿੱਚੋਂ ਪੁੱਟ ਕੇ ਬਾਹਰ ਕੱਢਿਆ ਜਾਵੇ, ਤਾਂ ਕਿ ਸਾਲ ਦਰ ਸਾਲ ਖੇਤ ਵਿੱਚੋਂ 'ਨਦੀਨਾਂ ਦੇ ਬੀਜ ਦੀ ਜਮ੍ਹਾਂ-ਪੂੰਜੀ' ਨੂੰ ਘਟਾਇਆ ਜਾ ਸਕੇ। ਇਹ ਮਿਹਨਤ ਵਾਲਾ ਕੰਮ ਹੋ ਲੰਬੇ ਸਮੇਂ ਦੇ ਨਦੀਨ ਪ੍ਰਬੰਧਨ ਦੀ ਵਿਉਂਤਬੰਦੀ ਲਈ ਬਹੁਤ ਜ਼ਰੂਰੀ ਹੈ। ਇਹ ਵੀ ਦੇਖਣ ਵਿਚ ਆਇਆ ਹੈ ਕਿ ਪੰਜਾਬ ਅਤੇ ਹਰਿਆਣਾ ਵਿਚ ਗੁੱਲੀ ਡੰਡਾ ਅਤੇ ਜੰਗਲੀ ਪਾਲਕ ਵਿਚ ਨਦੀਨਨਾਸ਼ਕਾਂ ਪ੍ਰਤੀਰੋਧਣ ਸ਼ਕਤੀ ਆਉਣ ਕਾਰਣ ਇਹਨਾਂ ਦੇ ਰੋਧਣ ਸ਼ਕਤੀ ਵਾਲੇ ਕੁਝ ਬੂਟੇ ਨਦੀਨਨਾਸ਼ਕਾਂ ਦੇ ਅਸਰ ਤੋਂ ਬਚ ਰਹਿ ਜਾਂਦੇ ਹਨ ਅਤੇ ਸਾਲ ਦਰ ਸਾਲ ਪ੍ਰਤੀਰੋਧਣ ਸ਼ਕਤੀ ਵਾਲੇ ਨਦੀਨਾਂ ਦੇ ਬੀਜਾਂ ਦੀ ਗਿਣਤੀ ਖੇਤ ਵਿਚ ਵਧਦੀ ਰਹਿੰਦੀ ਹੈ। ਇਹਨਾਂ ਖੇਤਾਂ ਵਿਚ ਨਦੀਨਾਂ ਦੀ ਹੱਥੀਂ ਪੁੱਟਣਾ ਹੋਰ ਵੀ ਜ਼ਿਆਦਾ ਅਹਿਮੀਅਤ ਰੱਖਦਾ ਹੈ।

**ਬਚੇ ਹੋਏ ਨਦੀਨਾਂ ਦੀ ਹੱਥੀ ਕੱਢਣ ਸਮੇਂ ਧਿਆਨ ਰੱਖਣਯੋਗ ਗੱਲਾਂ**

ਫਸਲ ਵਿੱਚੋਂ ਬਚੇ ਹੋਏ ਨਦੀਨਾਂ ਨੂੰ ਬੀਜ ਪੈਣ ਤੋਂ ਪਹਿਲਾਂ ਪੁੱਟ ਦੇਣਾ ਚਾਹੀਦਾ ਹੈ। ਜੇਕਰ ਬੀਜ ਪੈਣ ਤੋਂ ਬਾਅਦ ਨਦੀਨਾਂ ਨੂੰ ਕੱਢਣ ਵਾਲਾ ਕੰਮ ਕੀਤਾ ਜਾਵੇ ਤਾਂ ਨਦੀਨਾਂ ਦੇ ਬਹੁਤ ਸਾਰੇ ਬੀਜ ਕਿਰ ਕੇ ਖੇਤ ਵਿਚ ਝੜ ਜਾਂਦੇ ਹਨ ਜੋ 'ਨਦੀਨਾਂ ਦੇ ਬੀਜ ਦੀ ਜਮ੍ਹਾਂ-ਪੂੰਜੀ' ਵਿਚ ਵਾਧਾ ਕਰਦੇ ਹਨ। ਇਸ ਤੋਂ ਇਲਾਵਾ, ਇਹ ਵੀ ਧਿਆਨ ਵਿਚ ਰੱਖਣਾ ਚਾਹੀਦਾ ਹੈ ਕਿ ਫਸਲ ਦਾ ਨੁਕਸਾਨ ਘੱਟ ਤੋਂ ਘੱਟ ਹੋਵੇ। ਕਣਕ ਦੀ ਫਸਲ ਨੂੰ ਸਿੱਟੇ ਪੈਣ ਤੋਂ ਪਹਿਲਾਂ ਨਦੀਨਾਂ ਨੂੰ ਕੱਢ ਦੇਣਾ ਲਾਹੇਵੰਦ ਰਹਿੰਦਾ ਹੈ ਕਿਉਂਕਿ ਸਿੱਟੇ ਆਉਣ ਤੋਂ ਬਾਅਦ ਨਦੀਨ ਕੱਢਣ ਵੇਲੇ ਕਈ ਵਾਰ ਸਿੱਟੇ ਟੁੱਟਣ ਨਾਲ ਫਸਲ ਦੇ ਝਾੜ ਘਟਣ ਦਾ ਡਰ ਬਣਿਆ ਰਹਿੰਦਾ ਹੈ। ਕਈ ਵਾਰ ਦੇਖਣ ਵਿਚ ਆਉਂਦਾ ਹੈ ਕਿ ਕਿਸਾਨ ਬਚੇ ਹੋਏ ਨਦੀਨਾਂ ਨੂੰ ਬੀਜ ਪੈਣ ਤੋਂ ਬਾਅਦ ਕੱਢਦੇ ਹਨ ਅਤੇ ਕੱਢਣ ਤੋਂ ਬਾਅਦ ਨਦੀਨਾਂ ਨੂੰ ਖੇਤ ਵਿਚ ਜਾਂ ਖਾਲਿਆਂ ਦੀਆਂ ਵੱਟਾਂ/ਬੰਨਿਆਂ ਤੇ ਰੱਖ ਦਿੰਦੇ ਹਨ। ਇਹਨਾਂ ਬੂਟਿਆਂ ਦਾ ਕਿਰਿਆ ਹੋਇਆ ਬੀਜ ਸਿੰਚਾਈ ਦੇ ਮਾਧਿਅਮ ਰਾਹੀਂ ਖਾਲਿਆਂ ਵਿੱਚੋਂ ਇਕ ਖੇਤ ਵਿਚ ਪਹੁੰਚ 'ਤੇ 'ਨਦੀਨਾਂ ਦੇ ਬੀਜ ਦੀ ਜਮ੍ਹਾਂ-ਪੂੰਜੀ' ਨੂੰ ਵਧਾਉਣ ਦਾ ਕਾਰਨ ਬਣ ਜਾਂਦਾ ਹੈ। ਇਸ ਲਈ ਬੀਜ ਪੈਣ ਤੋਂ ਪਹਿਲਾਂ ਪੁੱਟ ਕੇ ਨਦੀਨਾਂ ਨੂੰ ਖੇਤ ਵਿੱਚੋਂ ਬਾਹਰ ਕੱਢ ਕੇ ਨਸ਼ਟ ਕਰਨਾ ਚਾਹੀਦਾ ਹੈ। ਬਚੇ ਹੋਏ ਨਦੀਨਾਂ ਨੂੰ ਖੇਤ ਵਿੱਚੋਂ ਕੱਢਣ ਲਈ ਨਿਪੁੰਨ ਮਜ਼ਦੂਰਾਂ ਨੂੰ ਹੀ ਲਾਉਣਾ ਚਾਹੀਦਾ ਹੈ ਜੋ ਫਸਲ ਅਤੇ ਨਦੀਨਾਂ ਨੂੰ ਚੰਗੀ ਤਰ੍ਹਾਂ ਪਹਿਚਾਣ ਸਕਦੇ ਹੋਣ। ਅਨਜਾਣ ਮਜ਼ਦੂਰਾਂ ਨੂੰ ਲਾਉਣ ਨਾਲ ਕਈ ਵਾਰ ਹੁੰਦਾ ਹੈ ਕਿ ਨਦੀਨਾਂ ਦੇ ਬਹੁਤੇ ਬੂਟੇ ਬਚ ਜਾਂਦੇ ਹਨ ਜੋ ਫਸਲ ਦਾ ਨੁਕਸਾਨ ਕਰਦੇ ਹਨ ਅਤੇ ਸਿੱਧੇ ਜਾਂ ਅਸਿੱਧੇ ਤੌਰ ਤੇ ਝਾੜ ਘਟਾਉਣ ਦਾ ਕਾਰਨ ਬਣਦੇ ਹਨ।

ਇਹਨਾਂ ਗੱਲਾਂ ਨੂੰ ਧਿਆਨ ਵਿਚ ਰੱਖਦੇ ਹੋਏ ਜੇਕਰ ਬਚੇ ਹੋਏ ਨਦੀਨਾਂ ਨੂੰ ਖੇਤ ਵਿੱਚੋਂ ਕੱਢ ਦਿੱਤਾ ਜਾਵੇ ਤਾਂ ਖੇਤ ਵਿਚ 'ਨਦੀਨਾਂ ਦੇ ਬੀਜ ਦੀ ਜਮ੍ਹਾਂ-ਪੂੰਜੀ' ਨੂੰ ਘਟਾਇਆ ਜਾ ਸਕਦਾ ਹੈ। ਹਰ ਸਾਲ ਇਸ ਤਰ੍ਹਾਂ ਕਾਰਨ ਨਾਲ ਨਦੀਨਾਂ ਦੀ ਸਮੱਸਿਆ ਕਾਫੀ ਹੱਦ ਤੱਕ ਘਟਾਈ ਜਾ ਸਕਦੀ ਹੈ।

**ਮਨਪ੍ਰੀਤ ਸਿੰਘ ਅਤੇ ਵਿਵੇਕ ਕੁਮਾਰ,**
**ਫਸਲ ਵਿਗਿਆਨ ਵਿਭਾਗ**

**ਖੇਤੀ ਦੁਨੀਆਂ**
ਵੱਲੋਂ
**ਮੌਜੂਦਾ ਗ੍ਰਾਹਕਾਂ ਲਈ ਚੰਦਾ ਰਿਨਿਊ ਕਰਵਾਉਣ 'ਤੇ**
**ਵਿਸ਼ੇਸ਼ ਛੂਟ**

ਇੱਕ ਸਾਲ 250/- ਰੁਪਏ*
ਦੋ ਸਾਲ 500/- ਰੁਪਏ*

ਨੋਟ :
1. ਇਹ ਸਕੀਮ ਸਿਰਫ ਮੌਜੂਦਾ ਗ੍ਰਾਹਕਾਂ ਲਈ ਚੰਦਾ ਸਿੱਧਾ ਬੈਂਕ ਰਾਹੀਂ ਭੇਜਣ 'ਤੇ ਹੈ।
2. ਇਸ ਸਕੀਮ ਤਹਿਤ ਕਿਸੇ ਵੀ ਤਰ੍ਹਾਂ ਦਾ ਕੋਈ ਗਿਫਟ ਨਹੀਂ ਦਿੱਤਾ ਜਾਵੇਗਾ।
3. ਇਹ ਸਕੀਮ 30 ਅਪ੍ਰੈਲ 2025 ਤੱਕ ਲਾਗੂ ਰਹੇਗੀ।

KHETI DUNIYAN
TID - 62763351
ਚੰਦੇ ਭਰਨ ਲਈ QR ਕੋਡ ਸਕੈਨ ਕਰੋ।

ਵਧੇਰੇ ਜਾਣਕਾਰੀ ਲਈ 'ਤੇ ਸੰਪਰਕ ਕਰੋ : ਮੋ. 90410-14575

# ਸਿਹਤਮੰਦ ਚੂਚਿਆਂ ਲਈ ਪੋਲਟਰੀ ਫਾਰਮ ਅਤੇ ਹੈਚਰੀ ਦਾ ਪ੍ਰਬੰਧਨ

**ਹੈਚਿੰਗ ਅੰਡਿਆਂ ਨੂੰ ਸੁਰੱਖਿਅਤ ਢੰਗ ਨਾਲ ਸਟੋਰ ਕਰਨਾ ਅਤੇ ਟਰੇ ਵਿਚ ਭਰਨਾ** : ਹੈਚਰੀ ਵਿਚ ਆਉਣ ਤੋਂ ਤੁਰੰਤ ਬਾਅਦ ਅੰਡਿਆਂ ਨੂੰ ਅੰਡੇ ਸੇਟਰ ਟਰੇਆਂ ਵਿਚ ਰੱਖਿਆ ਜਾਂਦਾ ਹੈ।



**ਹੈਚਿੰਗ ਅੰਡਿਆਂ ਦੀ ਫਿਊਮੀਗੇਸ਼ਨ / ਧੂੰਦ ਕਰਨਾ** : ਟਰੇਆਂ ਵਿਚ ਰੱਖਣ ਤੋਂ ਬਾਅਦ, 20 ਮਿੰਟਾਂ ਲਈ 3x ਗਾੜ੍ਹਾਪਣ ਵਾਲੀ ਫੋਰਮਲਡੀਹਾਈਡ ਨਾਲ ਫਿਊਮੀਗੇਸ਼ਨ ਕੀਤੀ ਜਾਂਦੀ ਹੈ ਜਿਸ ਨਾਲ ਅੰਡੇ ਦੇ ਖੋਲ ਤੋਂ ਲਗਭਗ 97.5 ਤੋਂ 99.5% ਜੀਵਾਣੂੰ ਖਤਮ ਹੋ ਜਾਂਦੇ ਹਨ।

**ਕੋਲਡ ਸਟੋਰੇਜ** : ਜੇਕਰ ਅੰਡਿਆਂ ਨੂੰ ਤੁਰੰਤ ਸੈਟਰ ਟਰੇਆਂ ਵਿੱਚ ਸੈੱਟ ਨਹੀਂ ਕੀਤਾ ਜਾਂਦਾ ਹੈ, ਤਾਂ ਉਹਨਾਂ ਨੂੰ ਸਮਾਨਤਨ ਤਾਪਮਾਨ ਅਤੇ 75% ਨਮੀਂ 'ਤੇ ਠੰਡੇ ਕਮਰੇ ਵਿਚ ਰੱਖਣਾ ਚਾਹੀਦਾ ਹੈ।

**ਸੈਟਿੰਗ ਤੋਂ ਪਹਿਲਾਂ ਅੰਡਿਆਂ ਦਾ ਤਾਪਮਾਨ ਵਧਾਉਣਾ** : ਸੈਟਰ ਵਿਚ ਅੰਡੇ ਰੱਖਣ ਤੋਂ ਲਗਭਗ 6 ਘੰਟੇ ਪਹਿਲਾਂ ਉਹਨਾਂ ਨੂੰ ਕੋਲਡ ਸਟੋਰੇਜ ਤੋਂ ਆਮ ਤਾਪਮਾਨ 'ਤੇ ਲਿਆਉਣਾ ਚਾਹੀਦਾ ਹੈ।

**ਅੰਡੇ ਦੀ ਲੋਡਿੰਗ** : ਸੈਟਰ ਵਿਚ ਅੰਡੇ ਰੱਖਣ ਨੂੰ 'ਅੰਡਿਆਂ ਦੀ ਲੋਡਿੰਗ' ਕਿਹਾ ਜਾਂਦਾ ਹੈ। ਅੰਡਿਆਂ ਨੂੰ ਸੈਟਰ ਵਿਚ ਆਲ-ਇਨ ਆਲ-ਆਊਟ ਆਧਾਰ 'ਤੇ ਸੈੱਟ ਕੀਤਾ ਜਾ ਸਕਦਾ ਹੈ।

**ਕੈਂਡਲਿੰਗ** : ਇਸ ਤਕਨੀਕ ਦੀ ਵਰਤੋਂ ਆਮ ਤੌਰ 'ਤੇ ਉਦੋਂ ਕੀਤੀ ਜਾਂਦੀ ਹੈ ਜਦੋਂ ਅੰਡੇ ਸੈਟਰ ਤੋਂ ਹੈਚਰ ਵਿੱਚ ਤਬਦੀਲ ਕੀਤੇ ਜਾਂਦੇ ਹਨ (19ਵੇਂ ਦਿਨ (ਮੁਰਗੀ ਦੇ ਅੰਡੇ ਲਈ) ਤਬਦੀਲ ਕੀਤੇ ਜਾਂਦੇ ਹਨ।

**ਨਿਕਲੇ ਚੂਚਿਆਂ ਨੂੰ ਕੱਢਣਾ** : ਜਿਵੇਂ ਹੀ ਸਾਰੇ ਚੂਚੇ ਨਿਕਲ ਜਾਣ ਅਤੇ ਲਗਭਗ 95% ਸੁੱਕ ਜਾਣ ਤਾਂ ਉਹਨਾਂ ਨੂੰ ਹੈਚਰ ਤੋਂ ਹਟਾ ਦਿੱਤਾ ਜਾਂਦਾ ਹੈ।

**ਚੂਚਿਆਂ ਨੂੰ ਤਾਕਤਵਰ ਕਰਨਾ** : ਜਦੋਂ ਚੂਚਿਆਂ ਨੂੰ ਪਹਿਲੀ ਵਾਰ ਹੈਚਰ 'ਚੋਂ ਬਾਹਰ ਕੱਢਿਆ ਜਾਂਦਾ ਹੈ ਤਾਂ ਉਹ ਚੰਗੀ ਤਰ੍ਹਾਂ ਖੜ੍ਹੇ ਨਹੀਂ ਹੁੰਦੇ। ਉਹਨਾਂ ਨੂੰ 4 ਜਾਂ 5 ਘੰਟਿਆਂ ਲਈ ਗੱਤੇ ਦੇ ਬਕਸਿਆਂ ਵਿਚ ਛੱਡ ਕੇ "ਤਾਕਤਵਰ" ਹੋਣ ਲਈ ਛੱਡਿਆ ਜਾਣਾ ਚਾਹੀਦਾ ਹੈ।

**ਚੂਚਿਆਂ ਦੀ ਗਰੇਡਿੰਗ** : ਚੂਚਿਆਂ ਵਿਚ ਕੋਈ ਸਰੀਰਕ ਵਿਕਾਰ ਨਾ ਹੋਵੇ, ਨਾਭੀ ਸਿਹਤਮੰਦ ਹੋਵੇ, ਭਾਰ ਘੱਟੋ ਘੱਟ ਮਿਆਰ ਤੋਂ ਵੱਧ ਹੋਵੇ, ਡੀਹਾਈਡ੍ਰੇਟਿਡ ਨਾ ਹੋਵੇ ਅਤੇ ਚੰਗੀ ਤਰ੍ਹਾਂ ਖੜ੍ਹੇ ਹੋਣੇ ਚਾਹੀਦੇ ਹਨ।

**ਚੂਚਿਆਂ ਦੀ ਸੈਕਸਿੰਗ ਕਰਨਾ** : ਲੇਅਰ ਕਿਸਮ ਦੇ ਚੂਚਿਆਂ ਨੂੰ ਵੱਖ ਕਰਨ ਲਈ ਇੱਕ ਦਿਨ ਦੇ ਚੂਚਿਆਂ ਦੀ ਵੈਂਟ ਸੈਕਸਿੰਗ ਜਾਂ ਆਟੋ-ਸੈਕਸਿੰਗ (ਫੈਦਰ ਸੈਕਸਿੰਗ) ਦੁਆਰਾ ਪਛਾਣ ਕੀਤੀ ਜਾਂਦੀ ਹੈ।



**ਟੀਕਾਕਰਨ** : ਚੂਚਿਆਂ ਨੂੰ ਹੈਚਰੀ ਵਿਚ ਹੀ ਮੈਰੇਕ ਦੀ ਬਿਮਾਰੀ ਦੇ ਵਿਰੁੱਧ ਟੀਕਾ ਲਗਾਇਆ ਜਾਂਦਾ ਹੈ। ਇਹ ਟੀਕਾਕਰਨ ਇਕ ਦਿਨ ਦੇ ਚੂਚਿਆਂ ਵਿਚ ਸਬਕੁਟੇਨੀਅਸ ਵਿਧੀ ਦੁਆਰਾ ਕੀਤਾ ਜਾਂਦਾ ਹੈ।

**ਚੂਚੇ ਦੀ ਡਿਲੀਵਰੀ** : ਚੂਚੇ ਸਵੇਰ ਵੇਲੇ ਲੈ ਲੈਣੇ ਚਾਹੀਦੇ ਹਨ ਤਾਂ ਜੋ ਫਾਰਮ ਵਿਚ ਨਿਰੀਖਣ ਲਈ ਪੂਰਾ ਦਿਨ ਮਿਲ ਜਾਵੇ।

**ਧੋਣਾ ਅਤੇ ਸਾਫ ਕਰਨਾ** : ਵਿਕਰੀ ਤੋਂ ਮਗਰੋਂ ਹੈਚਰੀ ਦੀ ਸਫਾਈ ਮੁੱਖ ਕੰਮ ਹੁੰਦਾ ਹੈ। ਸੇਟਰਾਂ ਅਤੇ ਸੈਟਰ ਰੂਮ ਤੋਂ ਇਲਾਵਾ ਸਾਰੇ ਸਾਜ਼ੋ-ਸਾਮਾਨ ਨੂੰ ਚੰਗੀ ਤਰ੍ਹਾਂ ਵੈਕਿਊਮ ਕੀਤਾ ਜਾਣਾ ਚਾਹੀਦਾ ਹੈ, ਰਗੜਿਆ ਜਾਣਾ ਚਾਹੀਦਾ ਹੈ, ਰੋਗਾਣੂੰ-ਮੁਕਤ ਕੀਤਾ ਜਾਣਾ ਚਾਹੀਦਾ ਹੈ।

**ਰਹਿੰਦ-ਖੂੰਹਦ ਦਾ ਨਿਪਟਾਰਾ** : ਗੈਰ-ਹੈਚ ਅੰਡੇ, ਮਰੇ ਹੋਏ ਚੂਚੇ ਹੈਚਰੀ ਦੀ ਰਹਿੰਦ-ਖੂਹੰਦ ਹਨ, ਜਿਨ੍ਹਾਂ ਦਾ ਨਿਪਟਾਰਾ ਇਸ ਤਰੀਕੇ ਨਾਲ ਕੀਤਾ ਜਾਣਾ ਚਾਹੀਦਾ ਹੈ ਕਿ ਪ੍ਰਦੂਸ਼ਣ ਦੀ ਕੋਈ ਸਮੱਸਿਆ ਪੇਸ਼ ਨਾ ਆਵੇ।

**ਸਤਬੀਰ ਸਿੰਘ ਅਤੇ ਅਪਰਨਾ,**
**ਕ੍ਰਿਸ਼ੀ ਵਿਗਿਆਨ ਕੇਂਦਰ, ਰੋਪੜ**
**ਮੋਬਾਇਲ : 99882-27872**

# ਦੁਧਾਰੂ ਪਸ਼ੂਆਂ ਵਾਸਤੇ ਪਸ਼ੂ ਚਾਟ ਦੀ ਵਰਤੋਂ



ਡੇਅਰੀ ਦੇ ਧੰਦੇ ਚੋਂ ਵਧੇਰੇ ਮੁਨਾਫਾ ਲੈਣ ਲਈ ਊਰਜਾ, ਪ੍ਰੋਟੀਨ ਅਤੇ ਧਾਤਾਂ ਦਾ ਇਕ ਸੰਤੁਲਿਤ ਮਿਸ਼ਰਣ (ਪਸ਼ੂ ਚਾਟ ਜਾਂ ਯੂਰੋਮਿਨ ਲਿਕ) ਪਸ਼ੂਆਂ ਨੂੰ ਚਾਰਨ ਨਾਲ ਨਾ ਸਿਰਫ ਖੁਰਾਕੀ ਲੋੜਾਂ ਪੂਰੀਆਂ ਹੁੰਦੀਆਂ ਹਨ, ਸਗੋਂ ਉਨ੍ਹਾਂ ਦੀ ਸਿਹਤ, ਉਤਪਾਦਨ ਅਤੇ ਪ੍ਰਜਨਣ ਸ਼ਕਤੀ ਵਿਚ ਵੀ ਸੁਧਾਰ ਹੁੰਦਾ ਹੈ। ਇਸ ਵਿਚ 95% ਸੁੱਕਾ ਮਾਦਾ ਹੋਣ ਦੇ ਨਾਲ-ਨਾਲ, 33% ਪਚਣਯੋਗ ਕੱਚੀ ਪ੍ਰੋਟੀਨ ਅਤੇ 42-45% ਕੁੱਲ ਪਚਣਯੋਗ ਤੱਤ ਹੁੰਦੇ ਹਨ।

ਪਸ਼ੂ ਚਾਟ/ਯੂਰੋਮਿਲ ਲਿਕ ਬਣਾਉਣ ਵਾਸਤੇ 900 ਗ੍ਰਾਮ ਸ਼ੀਰਾ, 30 ਗ੍ਰਾਮ ਯੂਰੀਆ ਅਤੇ 60 ਗ੍ਰਾਮ ਗੁਆਰ ਗੂੰਦ ਕੜਾਈ ਵਿਚ ਰਲਾਓ। ਇਸ ਤੋਂ ਬਾਅਦ 450 ਗ੍ਰਾਮ ਮੈਦਾ, 450 ਗ੍ਰਾਮ ਧਾਤਾਂ ਦਾ ਚੂਰਾ, 120 ਗ੍ਰਾਮ ਲੂਣ, 300 ਗ੍ਰਾਮ ਤੇਲ ਰਹਿਤ ਸਰ੍ਹੋਂ ਦੀ ਖੱਲ੍ਹ ਅਤੇ 300 ਗ੍ਰਾਮ ਤੇਲ ਰਹਿਤ ਚੌਲਾਂ ਦੀ ਪਾਲਸ਼ ਦਾ ਵੀ ਮਿਸ਼ਰਣ ਬਣਾਓ। ਇਸ ਉਪਰੰਤ 120 ਗ੍ਰਾਮ ਕੈਲਸ਼ੀਅਮ ਆਕਸਾਈਡ ਪਾ ਕੇ ਮਿਸ਼ਰਣ ਨੂੰ ਚੰਗੀ ਤਰ੍ਹਾਂ ਰਲਾਓ ਅਤੇ ਮਸ਼ੀਨ ਵਿਚ ਪਾ ਕੇ ਦਬਾ ਦਿਓ। ਇਸ ਨੂੰ ਪਾਲੀਥੀਨ ਦੇ ਲਿਫਾਫੇ ਵਿਚ ਪਾ ਕੇ ਰੱਖੋ। ਜਦੋਂ ਇਸ ਨੂੰ ਵਰਤਣਾ ਹੋਵੇ, ਤਾਂ ਇਸ ਨੂੰ ਲਿਫਾਫੇ ਵਿਚੋਂ ਕੱਢ ਕੇ ਖੁਰਲੀ ਵਿਚ ਰੱਖੋ ਤਾਂ ਜੋ ਪਸ਼ੂ ਲੋੜ ਅਨੁਸਾਰ ਚੱਟ ਸਕੇ।



**ਪਸ਼ੂ ਚਾਟ ਖੁਆਉਣ ਦੇ ਲਾਭ :**

★ ਦੁੱਧ ਦੀ ਪੈਦਾਵਾਰ ਵੱਧ ਜਾਂਦੀ ਹੈ।

★ ਪਸ਼ੂ ਸਮੇਂ ਤੇ ਗੱਭਣ ਹੁੰਦੇ ਹਨ।

★ ਪਸ਼ੂ ਦੀ ਪਾਚਣ ਪ੍ਰਣਾਲੀ ਸਹੀ ਰਹਿੰਦੀ ਹੈ।

★ ਪਸ਼ੂ ਦਾ ਸਰੀਰਕ ਵਿਕਾਸ ਸਹੀ ਹੁੰਦਾ ਹੈ।

★ ਪਸ਼ੂ ਦੀਆਂ ਹੱਡੀਆਂ ਮਜ਼ਬੂਤ ਬਣਦੀਆਂ ਹਨ ਅਤੇ ਉਹ ਕਈ ਬਿਮਾਰੀਆਂ ਤੋਂ ਬਚਿਆ ਰਹਿੰਦਾ ਹੈ।

★ ਪਸ਼ੂ ਦੇ ਦੋ ਸੂਏ ਵਿਚ ਅੰਤਰ ਘੱਟ ਜਾਂਦਾ ਹੈ।

**ਸਾਵਧਾਨੀਆਂ :**

★ ਪਸ਼ੂ ਚਾਟ ਜ਼ਿਆਦਾ ਭੁੱਖੇ ਪਸ਼ੂ ਨੂੰ ਨਾ ਖੁਆਓ ਕਿਉਂਕਿ ਉਹ ਲੋੜ ਤੋਂ ਵੱਧ ਖਾ ਜਾਂਦੇ ਹਨ।

★ ਪਸ਼ੂ ਚਾਟ ਨੂੰ ਕਦੇ ਵੀ ਇਕੱਲੇ ਨਾ ਵਰਤੋ।

★ ਇਸ ਨੂੰ ਪਚਾਉਣ ਲਈ ਪਸ਼ੂ ਦਾ ਰੂਮਨ ਤਿਆਰ ਹੋਣਾ ਚਾਹੀਦਾ ਹੈ, ਇਸ ਲਈ 6 ਮਹੀਨੇ ਤੋਂ ਘੱਟ ਉਮਰ ਦੇ ਕੱਟੜੂ-ਵੱਛੜੂ ਨੂੰ ਇਹ ਚਾਟ ਨਾ ਖੁਆਓ।

★ ਸੂਰ, ਮੁਰਗੀਆਂ, ਘੋੜੇ ਆਦਿ ਵਿਚ ਇਸਨੂੰ ਨਾ ਵਰਤੋ।

★ ਇਸ ਨੂੰ ਬਾਰਿਸ਼ ਦੇ ਪਾਣੀ ਤੋਂ ਵੀ ਬਚਾਓ।

**ਰਣਜੀਤ ਸਿੰਘ ਅਤੇ ਮਧੂ ਸ਼ੈਲੀ,**
**ਡਾਇਰੈਕਟੋਰੇਟ ਪਸਾਰ ਸਿੱਖਿਆ ਵਿਭਾਗ (ਮੋ.94633-54522)**

# ਸਬਜ਼ੀਆਂ 'ਚ ਕੀੜਿਆਂ ਦੀ ਰੋਕਥਾਮ ਲਈ ਵਰਤੋ ਜੈਵਿਕ ਕੀਟਨਾਸ਼ਕ

**ਗੁਰਮੀਤ ਸਿੰਘ, ਰਜਿੰਦਰ ਸਿੰਘ ਬੱਲ, ਫਾਰਮ ਸਲਾਹ ਸੇਵਾ ਕੇਂਦਰ, ਅੰਮ੍ਰਿਤਸਰ ਤੇ ਗੁਰਦਾਸਪੁਰ** (ਮੋ. 98148-25584)

ਸਬਜ਼ੀਆਂ ਉੱਪਰ ਦੂਜੀਆਂ ਫਸਲਾਂ ਦੀ ਤਰ੍ਹਾਂ ਕਈ ਤਰ੍ਹਾਂ ਦੇ ਕੀੜਿਆਂ ਦਾ ਹਮਲਾ ਹੁੰਦਾ ਹੈ ਜਿਸ ਨਾਲ ਉਪਜ ਵਿਚ ਕਮੀ ਆਉਂਦੀ ਹੈ ਅਤੇ ਗੁਣਵੱਤਾ ਖਰਾਬ ਹੁੰਦੀ ਹੈ। ਇਨ੍ਹਾਂ ਕੀੜਿਆਂ ਦੀ ਰੋਕਥਾਮ ਕਰਨ ਲਈ ਕਿਸਾਨ ਸਿੰਥੈਟਿਕ ਕੀਟਨਾਸ਼ਕਾਂ ਉਪਰ ਨਿਰਭਰ ਕਰਦੇ ਹਨ। ਪਰ ਇਹ ਰਸਾਇਣ ਜਿੱਥੇ ਵਾਤਾਵਰਨ ਦੂਸ਼ਿਤ ਕਰਦੇ ਹਨ ਉੱਥੇ ਮਿੱਤਰ ਕੀੜਿਆਂ ਨੂੰ ਮਾਰ ਕੇ ਉਨ੍ਹਾਂ ਦਾ ਵਾਧਾ ਰੋਕ ਦਿੰਦੇ ਹਨ। ਮਿੱਤਰ ਕੀੜਿਆਂ ਦੀ ਅਣਹੋਂਦ ਵਿਚ ਹਾਨੀਕਾਰਕ ਕੀੜਿਆਂ ਵੀ ਜਨਸੰਖਿਆ ਵਿਚ ਭਾਰੀ ਵਾਧਾ ਹੋ ਜਾਂਦਾ ਹੈ ਜਿਸ ਕਰਕੇ ਕਈ ਵਾਰ ਇਕ ਹੀ ਕੀੜੇ ਦੀ ਰੋਕਥਾਮ ਕਰਨ ਲਈ ਦੋ ਜਾਂ ਦੋ ਤੋਂ ਵੱਧ ਛਿੜਕਾਅ ਕਰਨ ਦੀ ਜ਼ਰੂਰਤ ਪੈ ਜਾਂਦੀ ਹੈ। ਜ਼ਹਿਰਾਂ ਦੀ ਵੱਧ ਵਰਤੋਂ ਕਰਨ ਨਾਲ ਫਸਲ ਦੀ ਕੁਆਲਿਟੀ ਵਿਚ ਗਿਰਾਵਟ ਆ ਜਾਂਦੀ ਹੈ ਅਤੇ ਮਿਆਰੀ ਫਸਲ ਪੈਦਾ ਨਹੀਂ ਹੁੰਦੀ। ਕੀਟਨਾਸ਼ਕਾਂ ਦੀ ਵਰਤੋਂ ਕਰਨ ਦੇ ਬਾਅਦ ਕਈ ਵਾਰ ਕੀੜਿਆਂ ਦੀ ਗਿਣਤੀ ਵਿਚ ਇਕਦਮ ਵਾਧਾ ਹੋ ਜਾਂਦਾ ਹੈ ਜਾਂ ਜਿਹੜੇ ਕੀੜੇ ਪਹਿਲਾਂ ਨੁਕਸਾਨ ਨਹੀਂ ਕਰਦੇ ਸਨ, ਉਹ ਕੀੜੇ ਵੀ ਨੁਕਸਾਨ ਕਰਨ ਦੀ ਸੀਮਾ ਤੱਕ ਪਹੁੰਚ ਜਾਂਦੇ ਹਨ। ਕੀਟਨਾਸ਼ਕਾਂ ਦਾ ਛਿੜਕਾਅ ਕਰਨ ਨਾਲ ਕੀੜਿਆਂ ਵਿਚ ਪ੍ਰਤੀਰੋਧੀ ਸਮਰੱਥਾ ਪੈਦਾ ਹੋ ਜਾਂਦੀ ਹੈ। ਇਸ ਲਈ ਕੀਟਨਾਸ਼ਕਾਂ ਦਾ ਬਦਲ ਬਦਲ ਕੇ ਛਿੜਕਾਅ ਕਰਨਾ ਵੀ ਜ਼ਰੂਰੀ ਹੋ ਜਾਂਦਾ ਹੈ। ਇਸ ਲਈ ਮਾਹਿਰ ਇਨ੍ਹਾਂ ਕੀੜਿਆਂ ਦੀ ਰੋਕਥਾਮ ਕਰਨ ਲਈ ਅਜਿਹੇ ਰਸਾਇਣਾਂ ਦੀ ਸਿਫਾਰਿਸ਼ ਕਰਦੇ ਹਨ ਜੋ ਕਿ ਹਾਨੀਕਾਰਕ ਕੀੜਿਆਂ ਦੀ ਰੋਕਥਾਮ ਕਰਨ ਨਾਲ ਮਿੱਤਰ ਕੀੜਿਆਂ ਲਈ ਸੁਰੱਖਿਅਤ ਹੋਣ। ਇਸ ਸਮੱਸਿਆ ਦਾ ਹੱਲ ਜੈਵਿਕ ਕੀਟਨਾਸ਼ਕਾਂ ਦੀ ਵਰਤੋਂ ਹੈ। ਕਿਉਂਕਿ ਜੈਵਿਕ ਕੀਟਨਾਸ਼ਕ ਮਿੱਤਰ ਕੀੜਿਆਂ ਲਈ ਸੁਰੱਖਿਅਤ ਹਨ। ਜੇਕਰ ਇਨ੍ਹਾਂ ਨੂੰ ਵਾਧੇ ਲਈ ਸਮਾਂ ਦਿੱਤਾ ਜਾਵੇ ਤਾਂ ਇਹ ਭਵਿੱਖ ਵਿਚ ਹਾਨੀਕਾਰਕ ਕੀੜਿਆਂ ਦੀ ਖੁਦ ਹੀ ਰੋਕਥਾਮ ਕਰਨ ਦੇ ਸਮਰੱਥ ਹੋ ਜਾਂਦੇ ਹਨ।

ਜੈਵਿਕ ਕੀਟਨਾਸ਼ਕ ਦੇ ਕਈ ਲਾਭ ਹਨ ਜਿਵੇਂ ਕਿ ਇਹ ਸਿੰਥੈਟਿਕ ਜ਼ਹਿਰਾਂ 'ਤੇ ਨਿਰਭਰਤਾ ਘਟਾ ਦਿੰਦੇ ਹਨ, ਲਾਗਤ ਖਰਚੇ ਘਟਾ ਦਿੰਦੇ ਹਨ, ਮਿਆਰੀ ਉਪਜ ਪੈਦਾ ਕਰਨ ਦੇ ਸਮਰੱਥ ਹਨ ਅਤੇ ਵਾਤਾਵਰਨ ਲਈ ਸੁਰੱਖਿਅਤ ਹਨ। ਇਹ ਮਿੱਤਰ ਕੀੜਿਆਂ ਅਤੇ ਪ੍ਰਾਗਣ ਕਰਨ ਵਾਲੇ ਕੀੜਿਆਂ ਲਈ ਵੀ ਸੁਰੱਖਿਅਤ ਹਨ। ਮਿੱਤਰ ਕੀੜਿਆਂ ਦੀ ਜਨਸੰਖਿਆ ਵਿਚ ਵਾਧਾ ਹੋਣ ਕਾਰਨ ਹਾਨੀਕਾਰਕ ਕੀੜਿਆਂ ਦੀ ਰੋਕਥਾਮ ਹੋ ਜਾਂਦੀ ਹੈ ਅਤੇ ਇਨ੍ਹਾਂ ਦੀ ਜਨਸੰਖਿਆ ਆਰਥਿਕ ਕਗਾਰ ਤੋਂ ਵੱਧਦੀ ਨਹੀਂ। ਜੈਵਿਕ ਕੀਟਨਾਸ਼ਕਾਂ ਦੇ ਛਿੜਕਾਅ ਕਾਰਨ ਹਾਨੀਕਾਰਕ ਕੀੜੇ ਇਕਦਮ ਨਹੀਂ ਮਰਦੇ। ਇਸ ਤਰ੍ਹਾਂ ਇਹ ਕੀੜੇ ਮਿੱਤਰ ਕੀੜਿਆਂ ਲਈ ਭੋਜਨ ਦਾ ਸਰੋਤ ਬਣੇ ਰਹਿੰਦੇ ਹਨ ਅਤੇ ਇਨ੍ਹਾਂ ਦੀ ਜਨਸੰਖਿਆ ਘੱਟਦੀ ਹੈ। ਜੈਵਿਕ ਕੀਟਨਾਸ਼ਕਾਂ ਦੇ ਛਿੜਕਾਅ ਕੀਤੀ ਫਸਲ ਉੱਪਰ ਵੀ ਕਿਸੇ ਕਿਸਮ ਦਾ ਮਾੜਾ ਪ੍ਰਭਾਵ ਨਹੀਂ ਪੈਂਦਾ ਜੈਵਿਕ ਕੀਟਨਾਸ਼ਕਾਂ ਦੇ ਛਿੜਕਾਅ ਕਾਰਨ ਹਾਨੀਕਾਰਕ ਕੀੜੇ ਫਸਲ ਨੂੰ ਖਾਣਾ ਛੱਡ ਦਿੰਦੇ ਹਨ, ਇਸ ਲਈ ਇਹ



ਨਦੀਨਾਂ 'ਤੇ ਚਲੇ ਜਾਂਦੇ ਹਨ ਅਤੇ ਨਦੀਨਾਂ ਦੀ ਵੀ ਰੋਕਥਾਮ ਹੋ ਜਾਂਦੀ ਹੈ। ਜੈਵਿਕ ਕੀਟਨਾਸ਼ਕਾਂ ਵਿਚ ਕਈ ਤਰ੍ਹਾਂ ਦੇ ਯੋਗਿਕ ਹੁੰਦੇ ਹਨ ਜਿਨ੍ਹਾਂ ਦਾ ਕੀੜਿਆਂ ਨੂੰ ਮਾਰਨ ਦਾ ਤਰੀਕਾ ਵੱਖ-ਵੱਖ ਹੁੰਦਾ ਹੈ। ਇਸ ਲਈ ਇਹ ਹਾਨੀਕਾਰਕ ਕੀੜਿਆਂ ਲਈ ਲੰਬੇ ਸਮੇਂ ਤੱਕ ਅਸਰਦਾਇਕ ਰਹਿੰਦੇ ਹਨ ਅਤੇ ਕੀੜਿਆਂ ਵਿਚ ਇਨ੍ਹਾਂ ਖਿਲਾਫ ਪ੍ਰਤੀਰੋਧੀ ਸਮਰੱਥਾ ਪੈਦਾ ਨਹੀਂ ਹੁੰਦੀ। ਇਹ ਰਸ ਚੂਸਣ ਵਾਲੇ ਕੀੜੇ ਅਤੇ ਫਸਲਾਂ ਨੂੰ ਖਾਣ ਵਾਲੇ ਕੀੜੇ ਦੋਵੇਂ ਤਰ੍ਹਾਂ ਦੇ ਕੀੜਿਆਂ ਲਈ ਅਸਰਦਾਇਕ ਹਨ। ਵੱਖ-ਵੱਖ ਸਿਫਾਰਿਸ਼ ਜੈਵਿਕ ਕੀਟਨਾਸ਼ਕ, ਇਨ੍ਹਾਂ ਦੇ ਗੁਣ ਅਤੇ ਇਨ੍ਹਾਂ ਤੋਂ ਵੱਖ-ਵੱਖ ਤਰ੍ਹਾਂ ਦੀਆਂ ਫਾਰਮੂਲੇਸ਼ਨਜ਼ ਤਿਆਰ ਕਰਨ ਦੇ ਤਰੀਕੇ ਹੇਠ ਲਿਖੇ ਹਨ :

**ਪੀ.ਏ.ਯੂ. ਨਿੰਮ ਦਾ ਘੋਲ** : ਚਾਰ ਕਿਲੋ ਨਿੰਮ ਦੀਆਂ ਕਰੂੰਬਲਾਂ (ਪੱਤੇ, ਹਰੀਆਂ ਟਹਿਣੀਆਂ ਅਤੇ ਨਿੰਮੋਲੀਆਂ) ਨੂੰ 10 ਲੀਟਰ ਪਾਣੀ 'ਚ 30 ਮਿੰਟ ਲਈ ਉਬਾਲੋ। ਇਸ ਘੋਲ ਨੂੰ ਕੱਪੜ ਛਾਣ ਕਰ ਲੈਣਾ ਚਾਹੀਦਾ ਹੈ ਤੇ ਤਰਲ ਨੂੰ ਸਾਰਨੀ ਵਿਚ ਦਿੱਤੀ ਗਈ ਸਿਫਾਰਿਸ਼ ਮਾਤਰਾ ਮੁਤਾਬਿਕ ਛਿੜਕਾਅ ਕਰੋ।

**ਘਰੇਲੂ ਨਿੰਮ ਦਾ ਘੋਲ** : ਪੰਜ ਕਿਲੋ ਨਿੰਮ ਦੀਆਂ ਕਰੂੰਬਲਾਂ (ਪੱਤੇ, ਹਰੀਆਂ ਟਹਿਣੀਆਂ ਅਤੇ ਨਿੰਮੋਲੀਆਂ) ਨੂੰ 10 ਲੀਟਰ ਪਾਣੀ 'ਚ 30 ਮਿੰਟ ਲਈ ਉਬਾਲੋ। ਇਸ ਘੋਲ ਨੂੰ ਕੱਪੜ ਛਾਣ ਕਰ ਲਓ ਅਤੇ ਤਰਲ ਨੂੰ ਸਾਰਣੀ ਵਿਚ ਦਿੱਤੀ ਗਈ ਸਿਫਾਰਿਸ਼ ਮਾਤਰਾ ਮੁਤਾਬਿਕ ਛਿੜਕਾਅ ਕਰੋ।

**ਘਰੇਲੂ ਵਿਚ ਬਣਿਆ ਨਿੰਮ ਦੇ ਬੀਜਾਂ ਦਾ ਅਰਕ (5%)** : ਇਸ ਅਰਕ ਨੂੰ ਬਣਾਉਣ ਲਈ ਪੰਜ ਕਿਲੋ ਛਾਵੇਂ ਸੁਕਾਈਆਂ ਨਿੰਮੋਲੀਆਂ ਲਓ ਅਤੇ ਇਨ੍ਹਾਂ ਨੂੰ ਪੀਸ ਕੇ ਪਾਊਡਰ ਬਣਾ ਲਓ। ਇਸ ਪਾਊਡਰ ਨੂੰ ਰਾਤ ਭਰ 100 ਲੀਟਰ ਪਾਣੀ ਵਿਚ ਭਿਉਂ ਕੇ ਰੱਖੋ।

**ਮੱਕੀ ਜਾਂ ਜਵਾਰ ਜਾਂ ਬਾਜਰੇ ਦਾ ਜੂਸ** : ਮੱਕੀ ਜਾਂ ਜਵਾਰ ਜਾਂ ਬਾਜਰੇ ਦੇ ਪੌਦੇ ਲਓ ਅਤੇ ਇਨ੍ਹਾਂ ਨੂੰ ਨਪੀੜ ਕੇ ਇਨ੍ਹਾਂ ਦਾ ਜੂਸ ਕੱਢ ਲਓ। ਇਸ ਜੂਸ ਸਿਫਰਿਸ਼ ਮਾਤਰਾ ਅਨੁਸਾਰ ਵਰਤੋ।

**ਜੈਵਿਕ ਕੀਟਨਾਸ਼ਕਾਂ ਦਾ ਕੀੜਿਆਂ ਨੂੰ ਮਾਰਨ ਦਾ ਤਰੀਕਾ** : ਮੱਕੀ ਜਾਂ ਜਵਾਰ ਜਾਂ ਬਾਜਰਾ ਚਿੱਟੀ ਮੱਖੀ ਦੇ ਹਮਲੇ ਲਈ ਮੇਜ਼ਬਾਨ ਪੌਦੇ ਨਹੀਂ ਹਨ ਜਾਂ ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਚਿੱਟੀ ਮੱਖੀ ਅਨਾਜ ਫਸਲਾਂ 'ਤੇ ਹਮਲਾ ਨਹੀਂ ਕਰਦੀ। ਅਜਿਹੇ ਫਸਲਾਂ 'ਤੇ ਹਮਲਾ ਨਹੀਂ ਕਰਦੀ ਅਜਿਹੇ ਪੌਦਿਆਂ ਦਾ ਘੋਲ ਤਿਆਰ ਕਰ ਕੇ ਜੇਕਰ ਬੈਂਗਣ 'ਤੇ ਛਿੜਕਾਅ ਕੀਤਾ ਜਾਂਦਾ ਹੈ ਤਾਂ ਇਹ ਛਿੜਕਾਅ ਬੈਂਗਣ ਤੋਂ ਪੈਦਾ ਹੋਣ ਵਾਲੀ ਕੁਦਰਤੀ ਸੁਗੰਧ ਨੂੰ ਖਤਮ ਕਰ ਦਿੰਦਾ ਹੈ ਅਤੇ ਆਪਣੀ ਸੁਗੰਧ ਵਾਤਾਵਰਨ ਵਿਚ ਛੱਡਦਾ ਹੈ। ਇਸ ਤਰ੍ਹਾਂ ਚਿੱਟੀ ਮੱਖੀ ਨੂੰ ਬੈਂਗਣ ਦੀ ਕੁਦਰਤੀ ਸੁਗੰਧ ਨਾ ਮਿਲ ਕੇ ਅਨਾਜ ਫਸਲਾਂ ਦੀ ਸੁਗੰਧ ਮਿਲਦੀ ਹੈ ਅਤੇ ਉਹ ਬੈਂਗਣ ਦੀ ਫਸਲ 'ਤੇ ਹਮਲਾ ਨਹੀਂ ਕਰਦੀ।

ਇਸੇ ਤਰ੍ਹਾਂ ਨਿੰਮ ਦੇ ਫਲਾਂ ਦੀ ਵਰਤੋਂ ਪੌਦਿਆਂ ਨੂੰ ਕੁਝ ਖਾਸ ਕਿਸਮ ਦੇ ਕੀੜਿਆਂ ਤੋਂ ਬਚਾਉਣ ਲਈ ਕੀਤੀ ਜਾਂਦੀ ਰਹੀ ਹੈ। ਨਿੰਮ ਦੇ ਹਰੇਕ ਭਾਗ ਵਿਚ ਕੀਟਨਾਸ਼ਕ ਗੁਣ ਹਨ ਪਰ ਨਿੰਮੋਲੀਆਂ ਜ਼ਿਆਦਾ ਅਸਰਦਾਰ ਹਨ। ਨਿੰਮ ਵਿੱਚੋਂ 140 ਤਰ੍ਹਾਂ ਦੇ ਰਸਾਇਣਿਕ ਪਦਾਰਥ ਵੱਖ ਕੀਤੇ ਗਏ ਹਨ ਪਰ ਅਜ਼ਾਡੀਰੇਕਟਿਨ ਨਾਮ ਦਾ ਪਦਾਰਥ ਸਭ ਤੋਂ ਵੱਧ ਐਂਟੀਫੀਡੈਂਟ ਅਸਰ ਰੱਖਣ ਵਾਲਾ, ਕੀੜਿਆਂ ਨੂੰ ਫਸਲ ਤੋਂ ਦੂਰ ਰੱਖਣ/ਧਕੇਲਣ ਵਾਲਾ ਅਤੇ ਕੀਟਨਾਸ਼ਕ ਅਸਰ ਰੱਖਣ ਵਾਲਾ ਮੰਨਿਆ ਗਿਆ ਹੈ। ਨਿੰਮ ਤੋਂ ਬਣੇ ਪਦਾਰਥ ਕੀੜੇ ਦੀ ਉਮਰ, ਅੰਡੇ ਦੇਣ ਦੀ ਸਮਰੱਥਾ ਅਤੇ ਕੀੜੇ ਦੀ ਚੁਸਤੀ ਘਟਾ ਦਿੰਦੇ ਹਨ। ਨਿੰਮ ਵਿਚ ਇਕ ਨਿੰਮਬੀਡਿਨ ਨਾਲ ਦਾ ਪਦਾਰਥ ਵੀ ਹੁੰਦਾ ਹੈ ਜਿਸ ਦੀ ਮੌਜੂਦਗੀ ਨਾਲ ਕੀੜਾ ਪੌਦੇ ਨੂੰ ਖਾਣਾ ਬੰਦ ਕਰ ਦਿੰਦਾ ਹੈ। ਜੈਵਿਕ ਕੀਟਨਾਸ਼ਕਾਂ ਵਿਚ ਐਂਟੀਫੀਡੈਂਟ ਗੁਣ ਹੋਣ ਕਰ ਕੇ ਹਾਨੀਕਾਰਕ ਕੀੜਾ ਫਸਲ ਨੂੰ ਖਾਣਾ ਛੱਡ ਦਿੰਦਾ ਹੈ ਅਤੇ ਫਸਲ ਬਰਬਾਦ ਹੋਣੋਂ ਬਚ ਜਾਂਦੀ ਹੈ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਨੇ ਘਰੇਲੂ ਪੱਧਰ 'ਤੇ ਜੈਵਿਕ ਕੀਟਨਾਸ਼ਕ ਬਣਾਉਣ ਲਈ ਜੋ ਆਸਾਨ ਸਿਫਰਿਸ਼ਾਂ ਕੀਤੀਆਂ ਹਨ, ਦੀ ਵਰਤੋਂ ਕਰਨ ਨਾਲ ਸਬਜ਼ੀਆਂ ਦਾ ਵੱਧ ਉਤਪਾਦਨ ਲੈਣ ਦਾ ਵੱਡਾ ਫਾਇਦਾ ਮਿੱਲ ਸਕਦਾ ਹੈ।

ਉਪਰੋਕਤ ਤੱਥਾਂ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਜੈਵਿਕ ਕੀਟਨਾਸ਼ਕ ਸਬਜ਼ੀਆਂ ਵਿਚ ਕੀੜਿਆਂ ਦੀ ਰੋਕਥਾਮ ਕਰਨ ਅਤੇ ਮਿਆਰੀ ਉਪਜ ਪੈਦਾ ਕਰਨ ਦੇ ਸਮਰੱਥ ਹਨ। ਜੇਕਰ ਇਨ੍ਹਾਂ ਤੋਂ ਤਿਆਰ ਫਾਰਮੂਲੇਸ਼ਨਜ਼ ਦਾ ਕੀੜੇ ਦੇ ਸ਼ੁਰੂਆਤੀ ਹਮਲੇ ਵੇਲੇ ਛਿੜਕਾਅ ਕੀਤਾ ਜਾਂਦਾ ਹੈ ਤਾਂ ਸਿੰਥੈਟਿਕ ਕੀਟਨਾਸ਼ਕਾਂ ਦੀ ਵਰਤੋਂ ਘਟਾਈ ਜਾ ਸਕਦੀ ਹੈ ਜਾਂ ਬਿਲਕੁਲ ਖਤਮ ਵੀ ਕੀਤੀ ਜਾ ਸਕਦੀ ਹੈ। ਇਸ ਨਾਲ ਸਬਜ਼ੀਆਂ ਦੀ ਕੁਆਲਿਟੀ ਵਧੇਗੀ ਅਤੇ ਲਾਗਤ ਖਰਚੇ ਵੀ ਘਟਣਗੇ। ਸਿੰਥੈਟਿਕ ਕੀਟਨਾਸ਼ਕਾਂ ਦੀ ਵਰਤੋਂ ਵਿਚ ਕਮੀ ਨਾਲ ਮਿੱਤਰ ਕੀੜੇ ਬਚ ਜਾਣਗੇ ਜੋ ਕਿ ਭਵਿੱਖ ਵਿਚ ਖੁਦ ਹੀ ਹਾਨੀਕਾਰਕ ਕੀੜਿਆਂ ਦੀ ਰੋਕਥਾਮ ਕਰਨ ਲਈ ਜੈਵਿਕ ਕੀਟਨਾਸ਼ਕਾਂ ਦੀ ਵਰਤੋਂ ਕਰਨ ਲਈ ਬੇਨਤੀ ਕੀਤੀ ਜਾਂਦੀ ਹੈ ਤਾਂ ਜੋ ਮਿਆਰੀ ਸਬਜ਼ੀ ਪੈਦਾ ਕੀਤੀ ਜਾ ਸਕੇ ਅਤੇ ਵਧੇਰੇ ਮੁਨਾਫਾ ਕਮਾਇਆ ਜਾ ਸਕੇ।

**ਸਾਰਣੀ : ਸਬਜ਼ੀਆਂ 'ਚ ਕੀੜਿਆਂ ਦੀ ਰੋਕਥਾਮ ਲਈ ਜੈਵਿਕ ਕੀਟਨਾਸ਼ਕ ਤੇ ਉਨ੍ਹਾਂ ਦੀ ਮਾਤਰਾ**

| ਜੈਵਿਕ ਕੀਟਨਾਸ਼ਕ | ਸਿਫਾਰਿਸ਼ ਮਾਤਰਾ | ਪਾਣੀ ਦੀ ਮਾਤਰਾ | ਕੀੜੇ ਦਾ ਨਾਮ | ਸਬਜ਼ੀ ਦਾ ਨਾਮ |
|---|---|---|---|---|
| ਪੀ.ਏ.ਯੂ. ਨਿੰਮ ਦਾ ਘੋਲ | 1200 ਮਿਲੀਲੀਟਰ | 100 ਲੀਟਰ | ਚਿੱਟੀ ਮੱਖੀ | ਬੈਂਗਣ |
| ਮੱਕੀ ਜਾਂ ਜਵਾਰ ਜਾਂ | 1500 ਮਿਲੀਲੀਟਰ | 100 ਲੀਟਰ | ਚਿੱਟੀ ਮੱਖੀ | ਬੈਂਗਣ |
| ਪੀ.ਏ.ਯੂ. ਨਿੰਮ ਦਾ ਘੋਲ | 1200 ਮਿਲੀਲੀਟਰ | 100 ਲੀਟਰ | ਚਿੱਟੀ ਮੱਖੀ | ਕੱਦੂ ਜਾਤੀ ਦੀਆਂ ਸਬਜ਼ੀਆਂ |
| ਘਰ 'ਚ ਬਣਿਆ ਨਿੰਮ ਦੇ ਬੀਜਾਂ ਦਾ ਅਰਕ | (5%) | (5%) | ਮਾਈਟ | ਮਿਰਚ |

कृषि एवं कृषि संबंधित विषयों पर
आधुनिक जानकारी लेने हेतु पढ़ें
# कृषि संसार
हिन्दी साप्ताहिक समाचार पत्र



कृषि एवं कृषि सहायक
धंधों की आधुनिक
जानकारी से भरपूर



एक वर्ष में 52 अंक
किसान भाईयों व डीलर/डिस्ट्रीब्यूटरों के लिए
चंदों में विशेष छूट
एक वर्ष 500/- रुपए
दो वर्ष 800/- रुपए
KHETI DUNIYAN
TID - 62763351
पेमेंट करने के पश्चात् अपना डाक पता इस नंबर पर भेजें :
90410-14575
चंदे भेजने हेतु QR कोड सकैन करें।
कृषि संसार (कृषि साप्ताहिक)
के.डी. कॉम्पलैक्स, गऊशाला रोड, पटियाला

# ਉੱਨਤ ਖੇਤੀ ਵਿੱਚ ਸੋਸ਼ਲ ਮੀਡੀਆ ਦੀ ਭੂਮਿਕਾ

ਡਾ. ਕਰਨਜੀਤ ਸਿੰਘ ਗਿੱਲ,
ਮੁੱਖ ਖੇਤੀਬਾੜੀ ਅਫਸਰ
(ਮੋ. 98720-25038)



ਸੋਸ਼ਲ ਮੀਡੀਆ ਤੋਂ ਭਾਵ ਹੈ, ਸਮਾਜ ਦਾ ਇੰਟਰਨੈਟ ਦੇ ਜ਼ਰੀਏ ਆਸ ਵਿੱਚ ਜੁੜੇ ਰਹਿਣਾ। ਦੁਨੀਆਂ ਭਰ ਦੇ ਲੋਕਾਂ ਦੀ ਸੋਸ਼ਲ ਮੀਡੀਆ ਦੀਆਂ ਵੱਖ-ਵੱਖ ਐਪਸ ਜਿਵੇਂ ਯੂ-ਟਿਊਬ, ਵੱਟਸਐਪ, ਫੇਸਬੁੱਕ, ਇੰਸਟਾਗ੍ਰਾਮ, ਟੈਲੀਗ੍ਰਾਮ, ਟਵਿੱਟਰ, ਸਨੈਪਚੈਟ, ਸਕਾਈਪ ਆਦਿ 'ਤੇ ਨਿਰਭਰਤਾ ਦਿਨ-ਬ-ਦਿਨ ਬਹੁਤ ਵਧਦੀ ਜਾ ਰਹੀ ਹੈ। ਇੱਥੇ ਇਹ ਵੀ ਦੱਸਣਾ ਬਹੁਤ ਜ਼ਰੂਰੀ ਹੈ ਕਿ ਸੋਸ਼ਲ ਮੀਡੀਆ ਆਪਣਾ ਵਿਕਾਸ ਵੀ ਕਰ ਸਕਦਾ ਹੈ ਅਤੇ ਵਿਨਾਸ਼ ਵੀ। ਇੱਕ ਵਿਵੇਕਸ਼ੀਲ ਮਨੁੱਖ ਵਜੋਂ ਇਹ ਚੋਣ ਆਪਾਂ ਕਰਨੀ ਹੈ ਕਿ, ਕੀ ਠੀਕ ਹੈ ਤੇ ਕੀ ਗਲਤ। ਸੂਚਨਾਵਾਂ ਦ ਪਸਾਰ ਅਤੇ ਵਿਚਾਰਾਂ ਦਾ ਆਦਾਨ-ਪ੍ਰਦਾਨ ਕਰਨ ਵਿੱਚ ਸੋਸ਼ਲ ਮੀਡੀਆ ਦੀ ਅਹਿਮ ਭੂਮਿਕਾ ਹੈ। ਇਸ ਦੀ ਵਰਤੋਂ ਚੈਟਿੰਗ ਕਰਨ, ਆਡੀਓ, ਵੀਡੀਓ, ਫੋਟੋਆਂ, ਰਿਕਾਰਡਿੰਗ, ਟਾਈਪਿੰਗ ਮਟੀਰੀਅਲ ਆਦਿ ਭੇਜਣ ਲਈ ਕੀਤੀ ਜਾਂਦੀ ਹੈ।

ਅਜੋਕੇ ਦੌਰ ਦੇ ਖੇਤੀ ਸੈਕਟਰ ਵਿੱਚ ਇਸ ਦਾ ਰੋਲ ਬਹੁਤ ਵੱਧ ਰਿਹਾ ਹੈ। ਖੇਤੀ-ਉਪਜ ਦੇ ਮੰਡੀਕਰਨ, ਮੌਸਮ ਦੀ ਭਵਿੱਖਬਾਣੀ ਅਤੇ ਇਸ ਦਾ ਪੌਦਿਆਂ 'ਤੇ ਅਸਰ, ਸਰਕਾਰੀ ਸਕੀਮਾਂ, ਨਵੀਆਂ ਤਕਨੀਕਾਂ ਅਤੇ ਸਿਫਾਰਿਸ਼ਾਂ, ਆਪਣੇ ਬਰਾਂਡ ਦਾ ਪ੍ਰਚਾਰ, ਟਿਕਾਊ-ਖੇਤੀ, ਕੁਦਰਤੀ ਸਰੋਤਾਂ ਦੀ ਮਹੱਤਤਾ ਅਤੇ ਸੰਭਾਲ, ਖੇਤੀ-ਸਹਾਇਕ ਧੰਦਿਆਂ ਬਾਰੇ, ਕੀੜੇ-ਬਿਮਾਰੀਆਂ ਦੇ ਹਮਲੇ ਦੀ ਅਗਾਊਂ ਸੂਚਨਾ ਸਮੇਤ ਦੇਸ਼-ਵਿਦੇਸ਼ ਤੋਂ ਖੇਤੀ ਸੰਬੰਧੀ ਹਰੇਕ ਜਾਣਕਾਰੀ ਸੋਸ਼ਲ ਮੀਡੀਆ ਰਾਹੀਂ ਉਪਲੱਬਧ ਹੁੰਦੀ ਹੈ। ਇਸ ਕਰਕੇ ਇਹ ਇੱਕ ਵਿਚੋਲੇ (ਮਿਡਲ-ਮੈਨ) ਵਜੋਂ ਕੰਮ ਕਰ ਰਿਹਾ ਹੈ।

ਅੱਜ ਦੇ ਵਿਗਿਆਨਕ ਯੁੱਗ ਵਿੱਚ ਇਹ ਗੱਲ ਬੜੀ ਪ੍ਰੌੜ੍ਹਤਾ ਨਾਲ ਕੀਤੀ ਜਾ ਸਕਦੀ ਹੈ ਕਿ ਜਿਹੜੇ ਪੜ੍ਹੇ-ਲਿਖੇ ਕਿਸਾਨ ਸੋਸ਼ਲ-ਮੀਡੀਆ ਨਾਲ ਸਾਰਥਿਕ ਤੌਰ 'ਤੇ ਜੁੜੇ ਹਨ, ਉਹ ਆਪਣੀ ਕਿਰਤ ਵਿੱਚੋਂ ਖਾਸਾ ਲਾਭ ਪ੍ਰਾਪਤ ਕਰ ਰਹੇ ਹਨ। ਬਹੁਤ ਕਿਸਾਨ ਘਰੇ ਬੈਠ ਕੇ ਹੀ ਆਪਣੇ ਧੰਦੇ ਸੰਬੰਧੀ ਟ੍ਰੇਨਿੰਗਾਂ ਲੈ ਰਹੇ ਹਨ, ਆਪਣੀਆਂ ਮੁਲਾਕਾਤਾਂ ਕਰ ਰਹੇ ਹਨ ਅਤੇ ਹੋਰਨਾਂ ਮੁਲਾਕਾਤਾਂ ਤੋਂ ਵਡਮੁੱਲਾ ਗਿਆਨ ਹਾਸਿਲ ਕਰ ਰਹੇ ਹਨ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਪੰਜਾਬ ਦਾ ਖੇਤੀਬਾੜੀ ਵਿਭਾਗ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਕਿਸਾਨ ਮੇਲਿਆਂ, ਕੈਂਪਾਂ, ਗੋਸ਼ਟੀਆਂ, ਖੇਤ ਦਿਵਸ, ਸਾਹਿਤ, ਅਨਾਊਂਸਮੈਂਟਾਂ ਆਦਿ ਰਾਹੀਂ ਸਮੇਂ-ਸਮੇਂ 'ਤੇ ਕਿਸਾਨਾਂ ਤੱਕ ਹਰ ਕਿਸਮ ਦੀ ਜਾਣਕਾਰੀ ਪਹੁੰਚਦੀ ਕੀਤੀ ਜਾ ਰਹੀ ਹੈ, ਪਰ ਫਿਰ ਵੀ ਬਹੁਤ ਕਿਸਾਨ ਰਹਿ ਜਾਂਦੇ ਹਨ, ਜਿਨ੍ਹਾਂ ਤੱਕ ਖੇਤੀ ਸੂਚਨਾਵਾਂ ਨਹੀਂ ਪਹੁੰਚਦੀਆਂ। ਸੋ, ਉਨ੍ਹਾਂ ਕਿਸਾਨਾਂ ਲਈ ਸੋਸ਼ਲ ਮੀਡੀਆ ਵਰਦਾਨ ਸਿੱਧ ਹੁੰਦਾ ਹੈ।

> "ਕਿਸਾਨਾਂ ਦੇ ਸੰਦਰਭ ਵਿੱਚ ਸੋਸ਼ਲ ਮੀਡੀਆ ਦੀਆਂ ਬਹੁਤ ਸਾਰੀਆਂ ਐਪਲੀਕੇਸ਼ਨਾਂ ਵਿੱਚੋਂ ਉਚੇਚੇ ਤੌਰ 'ਤੇ ਯੂ-ਟਿਊਬ, ਵੱਟਸਐਪ ਅਤੇ ਫੇਸਬੁੱਕ ਦੀ ਗੱਲ ਕਰਨੀ ਬਣਦੀ ਹੈ। ਯੂ-ਟਿਊਬ ਰਾਹੀਂ ਕਿਸਾਨਾਂ ਦੀਆਂ ਸਫਲ ਕਹਾਣੀਆਂ, ਖੇਤੀ ਮਾਹਿਰਾਂ ਦੀ ਗੱਲਬਾਤ ਸਮੇਤ ਹਰ ਤਰ੍ਹਾਂ ਦੀ ਜਾਣਕਾਰੀ ਵੀਡੀਓਜ਼ ਰੂਪ ਵਿੱਚ ਮੁਫ਼ਤ ਵਿੱਚ ਸਾਹਮਣੇ ਮੋਬਾਈਲ 'ਤੇ ਪ੍ਰਾਪਤ ਹੋ ਜਾਂਦੀ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦਾ ਪੀ. ਏ. ਯੂ. ਲਾਈਵ, ਖੇਤੀਬਾੜੀ ਵਿਭਾਗ ਦੇ ਖੇਤੀ ਸੂਚਨਾਵਾਂ, ਖੇਤੀ ਗਿਆਨ ਅਤੇ ਵਿਕਾਸ, ਕਿਸਾਨੀ ਸੂਚਨਾਵਾਂ ਯੂ-ਟਿਊਬ ਚੈਨਲ ਕਿਸਾਨਾਂ ਦੀ ਸੇਵਾ ਵਿੱਚ ਕਾਰਜ ਕਰ ਰਹੇ ਹਨ।"

ਜਿਹੜੇ ਕਿਸਾਨ ਨਵੀਨਤਮ ਖੇਤੀ ਤਕਨੀਕਾਂ ਹਾਸਿਲ ਕਰਕੇ ਸਮੇਂ ਦੇ ਹਾਣ ਦਾ ਨਹੀਂ ਬਣਦੇ, ਉਹ ਝੋਨੇ-ਕਣਕ ਦੇ ਫ਼ਸਲੀ ਚੱਕਰ ਵਿੱਚ ਹੀ ਫਸੇ ਹੋਏ ਹਨ, ਜਿਸ ਨਾਲ ਸਾਡੇ ਕੀਮਤੀ ਕੁਦਰਤੀ ਸਰੋਤ ਜਿਵੇਂ ਮਿੱਟੀ, ਪਾਣੀ, ਹਵਾ ਵੀ ਖਰਾਬ ਹੋ ਰਹੇ ਹਨ ਅਤੇ ਉਹ ਕਿਸਾਨ ਆਰਥਿਕ ਤੌਰ 'ਤੇ ਵੀ ਬਹੁਤਾ ਫਾਇਦਾ ਨਹੀਂ ਲੈ ਰਹੇ। ਕਿਸਾਨਾਂ ਦੇ ਸੰਦਰਭ ਵਿੱਚ ਸੋਸ਼ਲ ਮੀਡੀਆ ਦੀਆਂ ਬਹੁਤ ਸਾਰੀਆਂ ਐਪਲੀਕੇਸ਼ਨਾਂ ਵਿੱਚੋਂ ਉਚੇਚੇ ਤੌਰ 'ਤੇ ਯੂ-ਟਿਊਬ, ਵੱਟਸਐਪ ਅਤੇ ਫੇਸਬੁੱਕ ਦੀ ਗੱਲ ਕਰਨੀ ਬਣਦੀ ਹੈ। ਯੂ-ਟਿਊਬ ਰਾਹੀਂ ਕਿਸਾਨਾਂ ਦੀਆਂ ਸਫਲ ਕਹਾਣੀਆਂ, ਖੇਤੀ ਮਾਹਿਰਾਂ ਦੀ ਗੱਲਬਾਤ ਸਮੇਤ ਹਰ ਤਰ੍ਹਾਂ ਦੀ ਜਾਣਕਾਰੀ ਵੀਡੀਓਜ਼ ਰੂਪ ਵਿੱਚ ਮੁਫ਼ਤ ਵਿੱਚ ਸਾਹਮਣੇ ਮੋਬਾਈਲ 'ਤੇ ਪ੍ਰਾਪਤ ਹੋ ਜਾਂਦੀ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦਾ ਪੀ. ਏ. ਯੂ. ਲਾਈਵ, ਖੇਤੀਬਾੜੀ ਵਿਭਾਗ ਦੇ ਖੇਤੀ ਸੂਚਨਾਵਾਂ, ਖੇਤੀ ਗਿਆਨ ਅਤੇ ਵਿਕਾਸ, ਕਿਸਾਨੀ ਸੂਚਨਾਵਾਂ ਯੂ-ਟਿਊਬ ਚੈਨਲ ਕਿਸਾਨਾਂ ਦੀ ਸੇਵਾ ਵਿੱਚ ਕਾਰਜ ਕਰ ਰਹੇ ਹਨ। ਇਸ ਤੋਂ ਇਲਾਵਾ ਦੂਰਦਰਸ਼ਨ ਜਲੰਧਰ, ਡੀ. ਡੀ. ਕਿਸਾਨ ਚੈਨਲ ਦੀਆਂ ਆਪਣੀਆਂ ਖੇਤੀ ਸੰਬੰਧੀ ਵੀਡੀਓਜ਼ ਯੂ-ਟਿਊਬ ਰਾਹੀਂ ਸ਼ੇਅਰ ਕਰਦੇ ਰਹਿੰਦੇ ਹਨ। ਬਹੁਤੇ ਨਿੱਜੀ ਚੈਨਲ ਵੀ ਖੇਤੀ ਸੈਕਟਰ ਵਿੱਚ ਆਪਣਾ ਸਹੀ ਰੋਲ ਨਿਭਾਅ ਰਹੇ ਹਨ। ਯੂ-ਟਿਊਬ ਰਾਹੀਂ ਸਿੱਧਾ ਪ੍ਰਸਾਰਨ ਵੀ ਹੁੰਦਾ ਹੈ, ਜਿਸ ਦਾ ਕਿਸਾਨ ਵੀਰ ਸੰਬੰਧਿਤ ਮੇਲੇ ਵਿੱਚ ਕਿਸੇ ਕਾਰਨ ਨਾ ਪਹੁੰਚ ਕੇ ਘਰ ਬੈਠੇ ਹੀ ਲਾਈਵ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ।



ਇਸੇ ਤਰ੍ਹਾਂ ਇੱਕ ਵੱਟਸਐਪ ਗਰੁੱਪ ਵਿੱਚ 1024 ਮੈਂਬਰ ਬਣ ਸਕਦੇ ਹਨ, ਜਿਨ੍ਹਾਂ ਰਾਹੀਂ ਕੋਈ ਵੀ ਨਵੀਂ ਸੂਚਨਾ ਇਕੋ ਸਮੇਂ ਲੱਖਾਂ ਕਿਸਾਨਾਂ ਤੱਕ ਪਹੁੰਚਦੀ ਹੋ ਜਾਂਦੀ ਹੈ, ਜੋ ਕਿਸੇ ਹੋਰ ਮਾਧਿਅਮ ਰਾਹੀਂ ਸੰਭਵ ਨਹੀਂ ਹੁੰਦੀ। ਖੇਤੀ ਨਾਲ ਸੰਬੰਧਿਤ ਹਰ ਵਿਭਾਗ ਅਤੇ ਯੂਨੀਵਰਸਿਟੀ ਦੇ ਵੱਖ-ਵੱਖ ਤਰ੍ਹਾਂ ਦੇ ਸਰਕਲ ਪੱਧਰ, ਬਲਾਕ ਪੱਧਰ, ਜ਼ਿਲ੍ਹਾ ਪੱਧਰ ਅਤੇ ਰਾਜ ਪੱਧਰ ਦੇ ਵੱਟਸਐਪ ਗਰੁੱਪ ਆਪਣੀ ਜ਼ਿੰਮੇਵਾਰੀ ਬਾਖ਼ੂਬੀ ਨਿਭਾਅ ਰਹੇ ਹਨ। ਸੋ, ਕੋਈ ਵੀ ਕਿਸਾਨ ਆਪਣੇ ਧੰਦੇ ਸੰਬੰਧੀ ਬਣਾਏ ਗਰੁੱਪਾਂ ਦਾ ਮੈਂਬਰ ਅਤੇ ਵੱਧ ਤੋਂ ਵੱਧ ਮੁਫਤ ਵਿੱਚ ਲਾਭ ਪ੍ਰਾਪਤ ਕਰੇ।

ਫੇਸਬੁੱਕ ਦੇ ਜ਼ਰੀਏ ਵੀ ਖੇਤੀ ਸੰਬੰਧੀ ਹਰ ਕਿਸਮ ਦੀ ਫੋਟੋ, ਵੀਡੀਓ, ਆਰਟੀਕਲ, ਵਿਚਾਰ, ਆਪਣੀ ਰਾਏ ਵਗੈਰਾ ਸਾਂਝੀ ਕੀਤੀ ਜਾ ਸਕਦੀ ਹੈ, ਜਿਸ ਦਾ ਲਾਭ ਕਿਸਾਨ ਲੈ ਰਹੇ ਹਨ। ਫੇਸਬੁੱਕ ਚੈਨਲ ਰਾਹੀਂ ਸਿੱਧਾ ਪ੍ਰਸਾਰਨ ਵੀ ਹੁੰਦਾ ਹੈ। ਇਸ ਐਪ ਰਾਹੀਂ ਅਸੀਂ ਕਿਸੇ ਨੂੰ ਮਿੱਤਰ ਵੀ ਬਣਾ ਸਕਦੇ ਹਾਂ ਅਤੇ ਕਿਸੇ ਦੇ ਮਿੱਤਰ ਵੀ ਬਣ ਸਕਦੇ ਹਾਂ। ਬਾਕੀ ਸੋਸ਼ਲ-ਮੀਡੀਆ ਦੀਆਂ ਬਹੁਤ ਐਪਾਂ 'ਤੇ ਖੇਤੀ ਸੰਬੰਧੀ ਕਿਤਾਬਚੇ, ਰਸਾਲੇ ਜਾਂ ਕਿਤਾਬਾਂ ਵੀ ਉਪਲੱਬਧ ਹੁੰਦੇ ਹਨ, ਜਿਨ੍ਹਾਂ ਨੂੰ ਪੜ੍ਹ ਕੇ ਅਸੀਂ ਆਪਣੇ ਕਿੱਤੇ ਵਿੱਚ ਸੁਧਾਰ ਕਰ ਸਕਦੇ ਹਾਂ।

ਕਿਸਾਨ ਭਰਾਵੋ, ਅੱਜ ਦੇ ਯੁੱਗ ਵਿੱਚ ਜੇਕਰ ਤੁਸੀਂ ਪੜ੍ਹੇ-ਲਿਖੇ ਵੀ ਹੋ ਅਤੇ ਇਹ ਕਹੋ ਕਿ ਮੈਨੂੰ ਤਾਂ ਇਸ ਬਾਰੇ ਪਤਾ ਹੀ ਨਹੀਂ ਲੱਗਾ, ਤਾਂ ਉਹ ਇਸ ਵਿੱਚ ਆਪਣੀ ਕੋਈ ਕਮੀ ਹੋ ਸਕਦੀ ਹੈ, ਪਰ ਸੋਸ਼ਲ ਮੀਡੀਆ 'ਤੇ ਤਾਂ ਗਿਆਨ ਦਾ ਅਥਾਹ ਭੰਡਾਰ ਪਿਆ ਹੈ। ਉਸ ਗਿਆਨ ਵਿੱਚੋਂ ਆਪਣੇ ਕੰਮ ਦਾ ਮੋਤੀ ਪਛਾਣੀਏ, ਚੁਗੀਏ ਅਤੇ ਉਸ ਮੁਤਾਬਿਕ ਆਪਣਾ ਨਵਾਂ ਕੰਮ ਕਰੀਏ ਜਾਂ ਚੱਲ ਰਹੇ ਕੰਮ ਵਿੱਚ ਹੋਰ ਨਿਖਾਰ ਲਿਆਈਏ ਤਾਂ ਜੋ ਸਾਡੀ ਆਰਥਿਕਤਾ ਵੀ ਨਿੱਗਰ ਹੋਵੇ ਅਤੇ ਆਪਣੀ ਧਰਤੀ, ਹਵਾ, ਪਾਣੀ ਦਾ ਵੀ ਕੋਈ ਨੁਕਸਾਨ ਨਾ ਹੋਵੇ। ਅਸੀਂ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਆਪਣੀ ਪ੍ਰਾਪਰਟੀ ਦੇ ਨਾਲ-ਨਾਲ ਜਿਊਣਯੋਗ ਵਾਤਾਵਰਨ ਵੀ ਦੇ ਕੇ ਜਾਈਏ। ਸੋ, ਸਿਹਤਮੰਦ ਰਹੋ, ਚੜ੍ਹਦੀਕਲਾ ਵਿੱਚ ਰਹੋ।

# ਪੀ.ਏ.ਯੂ. ਅਤੇ ਪੰਜਾਬ ਦੀ ਖੇਤੀ ਦੀਆਂ ਚੁਣੌਤੀਆਂ

ਡਾ. ਰਣਜੀਤ ਸਿੰਘ

ਪੰਜਾਬ ਐਗਰੀਕਰਲ ਯੂਨੀਵਰਸਿਟੀ ਉਦੋਂ ਦੇ ਮੁੱਖ ਮੰਤਰੀ ਸਰਦਾਰ ਪ੍ਰਤਾਪ ਸਿੰਘ ਕੈਰੋਂ ਸਾਹਿਬ ਦੀ ਅਗਾਂਹਵਧੂ ਸੋਚ ਸਦਕਾ 1962 ਵਿਚ ਬਣੀ। ਇਸ ਦਾ ਰਸਮੀ ਉਦਘਾਟਨ 8 ਜੁਲਾਈ 1963 ਨੂੰ ਉਦੋਂ ਦੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਹੋਰਾਂ ਕੀਤਾ ਸੀ। ਦੇਸ਼ ਦੀ ਪਹਿਲੀ ਖੇਤੀ ਯੂਨੀਵਰਸਿਟੀ ਉੱਤਰ ਪ੍ਰਦੇਸ਼ ਵਿੱਚ ਪੰਤ ਨਗਰ ਬਣੀ ਸੀ। ਕੈਰੋਂ ਸਾਹਿਬ ਨੂੰ ਜਦੋਂ ਇਸ ਬਾਰੇ ਪਤਾ ਲੱਗਿਆ ਤਾਂ ਉਹ ਅਜੇਹੀ ਯੂਨੀਵਰਸਿਟੀ ਪੰਜਾਬ ਵਿਚ ਬਣਾਉਣ ਦੇ ਯਤਨ ਕੀਤੇ। ਡਾ. ਮਹਿੰਦਰ ਸਿੰਘ ਰੰਧਾਵਾ ਉਦੋਂ ਕੇਂਦਰ ਵਿਚ ਖੇਤੀ ਬਾੜੀ ਮੰਤਰਾਲੇ ਵਿਚ ਉੱਚ ਪੱਦਵੀ ਤੇ ਸਨ। ਉਨ੍ਹਾਂ ਦੇ ਸਹਿਯੋਗ ਨਾਲ ਪੀ. ਏ. ਯੂ. ਦੇਸ਼ ਦੀ ਦੂਜੀ ਖੇਤੀ ਬਾੜੀ ਯੂਨੀਵਰਸਿਟੀ ਬਣੀ। ਹੁਣ ਦੇਸ਼ ਵਿਚ ਕੋਈ 75 ਯੂਨੀਵਰਸਿਟੀਜ਼ ਹਨ ਜਦੋਂ ਯੂਨੀਵਰਸਿਟੀਜ਼ ਹਨ ਜਦੋਂ ਕਿ ਖੇਤੀ ਕਾਲਜਾਂ ਦੀ ਗਿਣਤੀ ਹਜ਼ਾਰਾਂ ਨੂੰ ਟੱਪ ਚੁੱਕੀ ਹੈ। ਮਿਸਟਰ ਪੀ.ਐਨ. ਥਾਪਰ ਨੂੰ ਇਸ ਦਾ ਪਹਿਲਾ ਵਾਈਸ ਚਾਂਸਲਰ ਬਣਾਇਆ ਗਿਆ। ਉਹ ਇਕ ਆਈ ਸੀ ਐਸ ਅਫਸਰ ਸਨ। ਸਰਦਾਰ ਦਰਬਾਰਾ ਸਿੰਘ ਉਦੋਂ ਪੰਜਾਬ ਦੇ ਖੇਤੀ ਮੰਤਰੀ ਸਨ। ਉਨ੍ਹਾਂ ਇਕ ਸ਼ਹਿਰੀ ਬੰਦੇ ਨੂੰ ਇਹ ਜ਼ੁੰਮੇਵਾਰੀ ਸੰਭਾਲਣ ਸਮੇਂ ਕੁਝ ਸ਼ੰਕੇ ਜ਼ਾਹਿਰ ਕੀਤੇ ਪਰ ਜਦੋਂ ਉਨ੍ਹਾਂ ਨੇਥਾਪਰ ਨਾਲ ਮੁਲਾਕਾਤ ਕੀਤੀ ਤਾਂ ਉਨ੍ਹਾਂ ਦਾ ਆਖਣਾ ਸੀ ਕਿ ਇਨ੍ਹਾਂ ਨੂੰ ਵਧੀਆ ਬੰਦਾ ਸਾਨੂੰ ਕੋਈ ਹੋਰ ਮਿਲ ਹੀ ਨਹੀਂ ਸਕਦਾ। ਉਨ੍ਹਾਂ ਪਿੱਛੋਂ ਡਾ. ਮਹਿੰਦਰ ਸਿੰਘ ਰੰਧਾਵਾ ਉਪਕੁਲਪਤੀ ਬਣੇ। ਉਹ ਵੀ ਆਈ ਸੀ ਐਸ ਅਫਸਰ ਸਨ। ਉਨ੍ਹਾਂ ਹੀ ਲੁਧਿਆਣੇ ਵਿਖੇ ਖੇਤੀ ਬਾੜੀ ਕਾਲਜ ਲਈ ਜਦੋਂ ਉਹ ਮੁੜ ਵਸਾਊ ਮਹਿਕਮੇ ਦੇ ਡਾਇਰੈਕਟਰ ਜਨਰਲ ਸਨ, 600 ਏਕੜ ਜ਼ਮੀਨ ਦਿੱਤੀ ਸੀ। ਕਾਲਿਜ ਦੀ ਖੁੱਲ੍ਹ ਕੇ ਵਿੱਤੀ ਸਹਾਇਤਾ ਥਾਪਰ ਸਾਹਿਬ ਵੱਲੋਂ ਮਿਲੀ ਕਿਉਂਕਿ ਉਦੋਂ ਉਹ ਪੰਜਾਬ ਦੇ ਵਿੱਤ ਸਕੱਤਰ ਸਨ। ਕਾਲਿਜ ਦੀ ਉਸਾਰੀ ਵਿਚ ਵੰਡ ਪਿੱਛੋਂ ਪੰਜਾਬ ਦੇ ਪਹਿਲੇ ਖੇਤੀ ਬਾੜੀ ਡਾਇਰੈਕਟਰ ਸ. ਲਾਲ ਸਿੰਘ ਹੋਰਾਂ ਦੀ ਅਹਿਮ ਭੂਮਿਕਾ ਸੀ। ਡਾ. ਥਾਪਰ ਅਤੇ ਡਾ. ਰੰਧਾਵਾ ਦੇ ਇਸ ਯੂਨੀਵਰਸਿਟੀ ਦੀ ਇਸ ਢੰਗ ਨਾਲ ਉਸਾਰੀ ਕਰਵਾਈ ਕਿ ਇਹ ਮੁੱਖ ਤੋਂ ਹੀ ਸਾਰੇ ਦੇਸ਼ ਦੀ ਚੋਟੀ ਦੀ ਯੂਨੀਵਰਸਿਟੀ ਬਣੀ ਰਹੀ ਹੈ। ਦੇਸ਼ ਵਿਚ ਹੀ ਨਹੀਂ ਸਗੋਂ ਵਿਦੇਸ਼ਾਂ ਵਿੱਚ ਵੀ ਇਸ ਦਾ ਸ਼ੁਮਾਰ ਸੰਸਾਰ ਦੀਆਂ ਵਧੀਆ ਖੇਤੀ ਯੂਨੀਵਰਸਿਟੀਜ਼ ਵਿਚ ਹੁੰਦਾ ਹੈ। ਪੰਜਾਬ ਵਿਚ ਹਰੇ ਇਨਕਲਾਬ ਨੂੰ ਰਚਨ ਅਤੇ ਦੇਸ਼ ਵਿੱਚੋਂ ਭੁੱਖਮਰੀ ਨੂੰ ਦੂਰ ਕਰਨ ਵਿਚ ਇਸ ਸੰਸਥਾ ਦੀ ਅਹਿਮ ਭੂਮਿਕਾ ਹੈ। ਸਾਰੇ ਸੂਬੇ ਦੀ ਖੇਤੀ ਖੋਜ ਸਬੰਧੀ ਜ਼ੁੰਮੇਵਾਰੀ ਇਸੇ ਸੰਸਥਾ ਦੀ ਪੰਜਾਬ ਦੇ ਕਿਸਾਨਾਂ ਨਾਲ ਇਸ ਦੇ ਬਹੁਤ ਹੀ ਨੇੜਲੇ ਅਤੇ ਨਿੱਘੇ ਸਬੰਧ ਹਨ। ਹਰ ਸਾਲਾਂ ਲੱਖਾਂ ਦੀ ਗਿਣਤੀ ਵਿਚ ਕਿਸਾਨ ਆਉਂਦੇ ਹੋਣ। ਇੱਥੇ ਕਿਸਾਨ ਮੇਲੇ ਦਾ ਆਰੰਭ 1967 ਵਿਚ ਹੋਇਆ ਸੀ ਉਦੋਂ ਤੋਂ ਲੈ ਕੇ ਹੁਣ ਤੱਕ ਮੇਲਾ ਨਿਰਵਿਘਨ ਲਗਦਾ ਆ ਰਿਹਾ ਹੈ। ਦੋ ਤਿੰਨ ਦੇ ਮੇਲੇ ਵਿਚ ਦੋ ਲੱਖ ਦੇ ਕਰੀਬ ਇਥੇ ਹਾਜ਼ਰੀ ਭਰਦੇ ਹਨ। ਇਸ ਵਰ੍ਹੇ ਇਹ ਮੇਲਾ 21-22 ਮਾਰਚ ਨੂੰ ਹੋ ਰਿਹਾ ਹੈ।

ਇਸ ਯੂਨੀਵਰਸਿਟੀ ਦੀ ਕਾਰਗੁਜ਼ਾਰੀ ਤੋਂ ਪ੍ਰਭਾਵਿਤ ਹੋ ਕੇ ਡਾ. ਮਨਮੋਹਨ ਸਿੰਘ ਹੋਰਾਂ ਦੀ ਕੇਂਦਰੀ ਸਰਕਾਰ ਨੇ 100 ਕਰੋੜ ਦੀ ਵਿਸ਼ੇਸ਼ ਰਾਸ਼ੀ ਦਿੱਤੀ ਸੀ। ਯੂਨੀਵਰਸਿਟੀ ਨੂੰ ਬਣਿਆ 62 ਸਾਲ ਹੋ ਗਏ ਹਨ। ਪੰਜਾਬ ਦੀ ਖੇਤੀ ਇਸ ਸਮੇਂ ਨਾਜ਼ੁਕ ਦੌਰ ਵਿੱਚੋਂ ਗੁਜ਼ਰ ਰਹੀ ਹੈ। ਪਿਛਲੇ ਪੰਜਾਬ ਸਾਲ ਤੋਂ ਪੰਜਾਬ ਵਿਚ ਇਕੋ ਚੱਕਰ-ਝੋਨਾ ਹੀ ਪ੍ਰਮੁੱਖ ਹੈ। ਸਮੇਂ ਦੇ ਬੀਤਣ ਨਾਲ ਪਰਿਵਾਰਿਕ ਵੰਡੀਆਂ ਪੈਣ ਨਾਲ ਮਾਲਕੀ ਧਰਤੀ ਘੱਟ ਰਹੀ ਹੈ। ਇਸ ਫਸਲ ਚੱਕਰ ਵਿੱਚੋਂ ਹਰੇਕ ਵਰ੍ਹੇ ਸ਼ੁਧ ਲਾਭ ਘੱਟ ਰਿਹਾ ਹੈ। ਜਿਸ ਦਰ ਨਾਲ ਮਹਿੰਗਾਈ ਵਿਚ ਵਾਧਾ ਹੋ ਰਿਹਾ ਹੈ ਉਸੇ ਦਰ ਨਾਲ ਕਣਕ-ਝੋਨੇ ਦੀਆਂ ਕੀਮਤਾਂ ਵਿਚ ਵਾਧਾ ਨਹੀਂ ਹੋਇਆ। ਪੰਜਾਬ ਦੀ ਖੇਤੀ ਦਾ ਪੂਰਾ ਮਸ਼ੀਨੀਕਰਨ ਹੈ ਜਿਸ ਕਾਰਨ ਇਸ ਫਸਲ ਚੱਕਰ ਵਿੱਚੋਂ ਕੁਝ ਧਰਤੀ ਕੱਢ ਸਬਜ਼ੀਆਂ, ਚਾਰੇ ਤੇ ਹੋਰ ਰੋਕੜੀ ਫਸਲਾਂ ਹੇਠ ਲਿਜਾਣ ਦੀ ਲੋੜ ਹੈ। ਪੰਜਾਬ ਦੀ ਸਾਰੀ ਧਰਤੀ ਸੇਂਜੂ ਹੈ ਅਤੇ ਸਾਰੇ ਛੇ ਦੇ ਛੇ ਮੌਸਮ ਇੱਥੇ ਆਉਂਦੇ ਨੇ ਇਸ ਕਰਕੇ ਮਿੱਸੀ ਖੇਤੀ ਨੂੰ ਉਤਸ਼ਾਹਿਤ ਕੀਤਾ ਜਾ ਸਕਦਾ ਹੈ। ਵੱਧ ਰਹੀ ਅਬਾਦੀ ਅਤੇ ਫਸਲੀ ਚੱਕਰ ਕਾਰਨ ਧਰਤੀ ਹੇਠਲੇ ਪਾਣੀ ਵਿਚ ਕਮੀ ਆ ਰਹੀ ਹੈ। ਆਲਮੀ ਤਪਸ਼ ਦੇ ਵਾਧੇ ਨਾਲ ਮੌਸਮ ਵਿਚ ਤਬਦੀਲੀ ਆ ਰਹੀ ਹੈ। ਜਿਸ ਦਾ ਪ੍ਰਤੱਖ ਅਸਰ ਫਸਲਾਂ ਦੇ ਘੱਟ ਰਹੇ ਝਾੜ ਤੋਂ ਵੇਖਿਆ ਜਾ ਸਕਦਾ ਹੈ। ਮਸ਼ੀਨੀ ਖੇਤੀ ਹੋਣ ਨਾਲ ਸੂਬੇ ਵਿਚ ਪਸ਼ੂਆਂ ਦੀ ਗਿਣਤੀ ਬਹੁਤ ਘੱਟ ਗਈ ਹੈ ਜਿਸ ਕਾਰਨ ਰੂੜੀ ਦੀ ਘਾਟ ਹੈ। ਕਿਸਾਨਾਂ ਨੂੰ ਰਸਾਇਣਾਂ ਉੱਤੇ ਨਿਰਭਰ ਹੋਣਾ ਪੈ ਰਿਹਾ ਹੈ। ਇਸ ਨਾਲ ਖਰਚੇ ਵਿਚ ਵਾਧਾ ਹੁੰਦਾ ਹੈ ਤੇ ਕਈ ਨਵੀਆਂ ਸਮੱਸਿਆਵਾਂ ਪੈਦਾ ਹੁੰਦੀਆਂ ਹਨ। ਕਿਸਾਨ ਕਣਕ ਝੋਨੇ ਤੋਂ ਮੁੱਖ ਇਸ ਲਈ ਨਹੀਂ ਮੋੜਦਾ ਕਿ ਸਰਕਾਰ ਵੱਲੋਂ ਮਿੱਥੇ ਘੱਟ ਘੱਟ ਸਮਰਥਨ ਮੁੱਲ ਉੱਤੇ ਇਸ ਦੀ ਖਰੀਦ ਕਰ ਲਈ ਜਾਂਦੀ ਹੈ ਅਤੇ ਰਕਮ ਦੀ ਅਦਾਇਗੀ ਵੀ ਸਮੇਂ ਸਿਰ ਹੋ ਜਾਂਦੀ ਹੈ। ਦੂਜੀਆਂ ਫਸਲਾਂ ਵਿਚ ਖਤਰਾ ਬਹੁਤ ਹੈ। ਇਸ ਵਾਰ ਆਲੂ ਦਾ ਭਾਅ ਠੀਕ ਰਿਹਾ। ਕਿਸਾਨਾਂ ਦੇ ਘਰ ਪੂਰਾ ਹੋ ਗਿਆ ਪਰ ਗੋਭੀ ਦਾ ਭਾਅ ਡਿਗ ਪਿਆ ਕਿਸਾਨ ਵਿਚਾਰਾ ਘਾਟੇ ਵਿਚ ਚਲਾ ਗਿਆ। ਕਿਸਾਨਾਂ ਨੇ ਵਣ ਖੇਤੀ ਸ਼ੁਰੂ ਕੀਤੀ ਸੀ ਪਰ ਘਾਟਾ ਪਿਆ। ਇਹੋ ਹਾਲ, ਫਲ, ਸਬਜ਼ੀਆਂ, ਸੂਰਜਮੁੱਖੀ, ਮੈਂਥਾ ਆਦਿ ਦਾ ਹੋਇਆ ਹੈ। ਪਿਛਲੇ ਤੀਹ ਸਾਲਾਂ ਤੋਂ ਪੰਜਾਬ ਦੀਆਂ ਸਰਕਾਰਾਂ ਖੇਤੀ ਸੁਧਾਰ ਲਈ ਮਾਹਿਰਾਂ ਤੋਂ ਖੇਤੀ ਨੀਤੀ ਬਣਵਾ ਰਹੀਆਂ ਹਨ ਪਰ ਕਿਸੇ ਸਰਕਾਰ ਵੱਲੋਂ ਵੀ ਇਨ੍ਹਾਂ ਉੱਤੇ ਅਮਲ ਨਹੀਂ ਕੀਤਾ ਗਿਆ।



ਡਾ. ਰਣਜੀਤ ਸਿੰਘ ਅਤੇ ਡਾ. ਸਤਬੀਰ ਸਿੰਘ ਗੋਸਲ, ਉਪ-ਕੁਲਪਤੀ ਪੀ. ਏ. ਯੂ., ਲੁਧਿਆਣਾ।

ਹੁਣ ਪੰਜਾਬ ਐਗਰੀ ਯੂਨੀਵਰਸਿਟੀ ਅੱਗੇ ਵੱਡੀ ਚੁਣੌਤੀ ਹੈ ਕਿ ਪੰਜਾਬ ਦੀ ਖੇਤੀ ਦੀਆਂ ਮੁਸ਼ਕਿਲਾਂ ਦੇ ਹੱਲ ਲੱਭਣ ਲਈ ਆਪਣੀ ਖੋਜ ਅਤੇ ਪੜ੍ਹਾਈ ਨੂੰ ਨਵਾਂ ਮੋੜ ਦਿੱਤਾ ਜਾਵੇ ਤਾਂ ਜੋ ਪੰਜਾਬ ਦੀ ਖੇਤੀ ਨੂੰ ਮੁੜ ਪੈਰਾਂ ਭਾਰ ਖੜਾ ਕੀਤਾ ਜਾ ਸਕੇ। ਪੰਜਾਬ ਦਾ ਵਿਕਾਸ ਖੇਤੀ ਵਿਕਾਸ ਉੱਤੇ ਹੀ ਨਿਰਭਰ ਕਰਦਾ ਹੈ। ਪਿਛਲੇ ਕਈ ਵਰ੍ਹਿਆਂ ਤੋਂ ਵਿਕਾਸ ਵਿਚ ਆਈ ਖੜੋਤ ਨੂੰ ਤੋੜਨ ਵਿਚ ਯੂਨੀਵਰਸਿਟੀ ਅਹਿਮ ਭੂਮਿਕਾ ਨਿਭਾ ਸਕਦੀ ਹੈ।

ਪਿਛਲੇ ਦਿਨੀਂ ਪੀ.ਏ.ਯੂ. ਦੇ ਉਪਕੁਲਪਤੀ ਡਾ. ਸਤਿਬੀਰ ਸਿੰਘ ਗੋਸਲ ਹੋਰਾਂ ਨਾਲ ਇਨ੍ਹਾਂ ਸਮੱਸਿਆਂ ਬਾਰੇ ਖੁੱਲ੍ਹ ਕੇ ਗਲਬਾਤ ਕਰਨ ਦਾ ਮੌਕਾ ਮਿਲਿਆ। ਡਾ. ਗੋਸਲ ਆਪ ਸੰਸਾਰ ਬਾਇਓਟੈਕਨੋਲੋਜਿਸਟ ਹਨ। ਉਨ੍ਹਾਂ ਦਾ ਬਹੁਤਾ ਸਮਾਂ ਇਸੇ ਯੂਨੀਵਰਸਿਟੀ ਵਿਚ ਬੀਤਿਆ ਹੈ। ਜਿੱਥੇ ਉਹ ਆਪਣੇ ਵਿਸ਼ੇ ਦੇ ਮਾਹਿਰ ਹਨ ਉੱਥੇ ਇਕ ਵਧੀਆ ਮਿਹਨਤੀ, ਮਿੱਠਬੋਲੜੇ ਅਤੇ ਕਿਸੇ ਵੀ ਧੜੇਬੰਦੀ ਤੋਂ ਬੇਲਾਗ ਇਨਸਾਨ ਹਨ। ਉਨ੍ਹਾਂ ਦਾ ਆਖਣਾ ਹੈ ਕਿ ਖੇਤੀ ਦੀਆਂ ਨਵੀਆਂ ਚੁਣੌਤੀਆਂ ਨਾਲ ਨਜਿੱਠਣ ਲਈ ਨਵਾਂ ਮੋੜ ਦਿੱਤਾ ਹੈ। ਖੋਜ ਦੀਆਂ ਪ੍ਰਯੋਗਸ਼ਾਲਾਵਾਂ ਨੂੰ ਆਧੁਨਿਕ ਬਣਾਇਆ ਜਾ ਰਿਹਾ ਹੈ। ਇਸ ਯੂਨੀਵਰਸਿਟੀ ਦਾ ਭਾਵੇਂ ਖਰਚਾ ਪੰਜਾਬ ਸਰਕਾਰ ਦਿੰਦੀ ਹੈ ਪਰ ਖੋਜ ਲਈ ਅਸੀਂ ਭਾਰਤ ਸਰਕਾਰ ਅਤੇ ਹੋਰ ਅਦਾਰਿਆਂ ਤੋਂ ਕੋਈ 100 ਕਰੋੜ ਦੀ ਵਿੱਤੀ ਸਹਾਇਤਾ ਪ੍ਰਾਪਤ ਕਰਨ ਵਿਚ ਸਫਲ ਹੋਏ ਹਾਂ।

ਚੱਲਦਾ

# ਸਬਜ਼ੀਆਂ ਖੁਦ ਉਗਾਓ, ਖਾਓ ਤੇ ਦੂਜਿਆਂ ਨੂੰ ਵੀ ਖਿਲਾਓ



ਜੇਕਰ ਘਰ ਵਿਚ ਢੁੱਕਵੀਂ ਥਾਂ ਨਹੀਂ ਹੈ ਜਾਂ ਘਰ ਵਿਚ ਸਹੀ ਥਾਂ ਹੈ ਤਾਂ ਦੋਵੇਂ ਹੀ ਸਥਿਤੀਆਂ ਵਿਚ ਬਗੀਚੇ ਦੀਆਂ ਕਿਆਰੀਆਂ ਬਣਾਉਣਾ, ਖਾਦ ਦੀ ਵਿਵਸਥਾ ਕਰਨਾ, ਬਾਗਬਾਨੀ ਦੇ ਔਜਾਰਾਂ 'ਤੇ ਜ਼ਿਆਦਾ ਪੈਸੇ ਖਰਚ ਕੀਤੇ ਬਿਨਾਂ, ਆਪਣਾ ਭੋਜਨ ਖੁਦ ਕਿਵੇਂ ਉਗਾਇਆ ਜਾਵੇ ? ਜਿਨ੍ਹਾਂ ਲੋਕਾਂ ਕੋਲ ਸਹੀ ਥਾਂ ਹੈ, ਉਹ ਆਪਣਾ ਖੇਤ ਖੁਦ ਬਣਾ ਸਕਦੇ ਹਨ। ਖੇਤ ਵਿਚ ਪਾਣੀ ਅਤੇ ਚੰਗੀ ਖਾਦ ਤੋਂ ਪੈਦਾਵਾਰ ਵੀ ਚੰਗੀ ਹੋਵੇਗੀ ਅਤੇ ਪੂਰਾ ਸਾਲ ਤੁਸੀਂ ਇਸ ਤੋਂ ਕਾਫੀ ਖਰਚਾ ਬਚਾ ਸਕਦੇ ਹੋ। ਜੋ ਲੋਕ ਸ਼ਹਿਰਾਂ ਵਿਚ ਅਪਾਰਟਮੈਂਟਾਂ ਵਿਚ ਰਹਿੰਦੇ ਹਨ, ਉਨ੍ਹਾਂ ਕੋਲ ਖਾਲੀ ਜ਼ਮੀਨ ਭਾਵੇਂ ਨਾ ਹੋਵੇ, ਸੂਰਜ ਦੀ ਰੌਸ਼ਨੀ ਤਾਂ ਹੈ ਹੀ, ਘਰ ਵਿਚ ਪੁਰਾਣੇ ਪਏ ਕੰਟੇਨਰ, ਪਲਾਸਟਿਕ ਦੇ ਭਾਂਡੇ ਜਾਂ ਫਿਰ ਘਰੇਲੂ ਵਰਤੋਂ ਦੇ ਸਾਮਾਨ ਵਿਚ ਵੀ ਬਹੁਤ ਕੁਝ ਉਗਾਇਆ ਜਾ ਸਕਦਾ ਹੈ। ਬਸ ਏਨਾ ਪਤਾ ਹੋਣਾ ਚਾਹੀਦਾ ਹੈ ਕਿ ਕਿਹੜੀ ਮਿੱਟੀ ਕਿਸ ਬੂਟੇ ਲਈ ਸਹੀ ਹੈ, ਤਾਂ ਕਿ ਸਾਫ ਸੁਥਰਾ ਭੋਜਨ ਹਾਸਿਲ ਹੋ ਸਕੇ।



ਅੱਜਕਲ੍ਹ ਖੇਤੀ ਵਿਚ ਨਵੀਆਂ ਤੋਂ ਨਵੀਆਂ ਤਕਨੀਕਾਂ ਆ ਚੁੱਕੀਆਂ ਹਨ। ਜੇਕਰ ਘਰ ਵਿਚ ਗਮਲਿਆਂ ਵਿਚ ਖੇਤੀ ਨਾ ਵੀ ਸੰਭਵ ਹੋਵੇ ਤਾਂ ਹਾਈਡ੍ਰੋਪੋਨਿਕ ਵਿਧੀ ਨਾਲ ਸਬਜ਼ੀਆਂ ਉਗਾਈਆਂ ਜਾ ਸਕਦੀਆਂ ਹਨ, ਜਿਨ੍ਹਾਂ ਵਿਚ ਦੋ ਜਾਂ ਤਿੰਨ ਹਫਤੇ ਵਿਚ ਬੀਜਾਂ ਤੋਂ ਵੱਡੀ ਮਾਤਰਾ ਵਿਚ ਹਰੀਆਂ ਪੱਤੇਦਾਰ ਸਬਜ਼ੀਆਂ ਉਗਾ ਸਕਦੇ ਹੋ। ਹਾਲਾਂਕਿ ਇਹ ਥੋੜ੍ਹਾ ਮਹਿੰਗਾ ਹੁੰਦਾ ਹੈ ਪਰ ਇਸ ਵਿਚ ਜ਼ਿਆਦਾ ਗਰਮੀ, ਜ਼ਿਆਦਾ ਸਰਦੀ ਤੋਂ ਬੂਟਿਆਂ ਨੂੰ ਸੌਖਿਆਂ ਹੀ ਬਚਾਇਆ ਜਾ ਸਕਦਾ ਹੈ। ਪਿਆਜ਼, ਗੋਭੀ ਅਤੇ ਬ੍ਰੋਕਲੀ ਵਰਗੀਆਂ ਸਬਜ਼ੀਆਂ ਨੂੰ ਉਗਾਉਣ ਲਈ ਜ਼ਿਆਦਾ ਥਾਂ ਦੀ ਜ਼ਰੂਰਤ ਹੁੰਦੀ ਹੈ, ਜੋ ਹੌਲੀ ਰਫਤਾਰ ਨਾਲ ਵਧਦੇ ਹਨ ਅਤੇ ਸਿਰਫ ਇਕ ਹੀ ਵਾਰ ਫਸਲ ਦਿੰਦੇ ਹਨ। ਇਸੇ ਤਰ੍ਹਾਂ ਗਾਜਰ ਅਤੇ ਆਲੂ ਤਾਂ ਬਾਜ਼ਾਰ ਵਿਚ ਉਂਝ ਵੀ ਸਸਤੇ ਮਿਲਦੇ ਹਨ। ਇਸ ਦੀ ਬਜਾਏ ਸਾਨੂੰ ਇਸ ਤਰ੍ਹਾਂ ਦੇ ਬੂਟੇ ਲਗਾਉਣੇ ਚਾਹੀਦੇ ਹਨ, ਜੋ ਕਈ ਫਸਲਾਂ ਦਿੰਦੇ ਹਨ, ਜਿਨ੍ਹਾਂ ਵਿਚ ਜੜ੍ਹੀਆਂ ਬੂਟੀਆਂ, ਸਲਾਦ, ਖੀਰੇ, ਤੋਰੀ, ਮਟਰ, ਬੀਨਸ ਅਤੇ ਟਮਾਟਰ ਸ਼ਾਮਿਲ ਹਨ। ਇਸ ਲਈ ਗਾਰਡਨਿੰਗ ਨਾਲ ਸੰਬੰਧਿਤ ਪੱਤਰ-ਪੱਤਰਕਾਵਾਂ, ਵੱਖ-ਵੱਖ ਸਾਈਟਾਂ ਨਾਲ ਸੰਪਰਕ ਕਰ ਸਕਦੇ ਹੋ।

ਤੁਹਾਡਾ ਪਰਿਵਾਰ ਕੀ ਖਾਂਦਾ ਹੈ, ਉਨ੍ਹਾਂ ਦੀ ਰੁਚੀ ਅਨੁਸਾਰ ਹੀ ਸਬਜ਼ੀਆਂ ਦੀ ਚੋਣ ਕਰਨੀ ਚਾਹੀਦੀ ਹੈ। ਇਕ ਹੀ ਵਾਰ ਬੂਟੇ ਲਗਾਉਣਾ ਅਤੇ ਉਨ੍ਹਾਂ ਤੋਂ ਫਸਲ ਹਾਸਿਲ ਕਰਨਾ ਇਕ ਆਮ ਗੱਲ ਹੈ। ਕਈ ਵਾਰ ਬੂਟੇ ਤਾਂ ਕਈ ਲਗ ਜਾਂਦੇ ਹਨ, ਪਰ ਸਭ ਖਰਾਬ ਹੋ ਜਾਂਦੇ ਹਨ। ਇਸ ਦੀ ਬਜਾਏ ਇਸ ਤਰ੍ਹਾਂ ਦੇ ਬੂਟਿਆਂ ਦੀ ਚੋਣ ਕਰੋ, ਜਿਨ੍ਹਾਂ ਨੂੰ ਕੁਝ ਹਫਤਿਆਂ ਵਿਚ ਬਦਲ-ਬਦਲ ਕੇ ਲਗਾਇਆ ਜਾ ਸਕੇ। ਸਲਾਦ ਅਤੇ ਜੜ੍ਹੀਆਂ-ਬੂਟੀਆਂ ਚੰਗੀਆਂ ਹੁੰਦੀਆਂ ਹਨ, ਕਿਉਂਕਿ ਅਸੀਂ ਇਨ੍ਹਾਂ ਦੇ ਪੱਤਿਆਂ ਦੀ ਵਰਤੋਂ ਕਰ ਲੈਂਦੇ ਹਾਂ, ਅਤੇ ਇਹ ਜੜ੍ਹ ਤੋਂ ਮੁੜ ਨਵੇਂ ਆ ਜਾਂਦੇ ਹਨ, ਜਿਸ ਨਾਲ ਬੂਟੇ ਬਰਬਾਦ ਨਹੀਂ ਹੁੰਦੇ। ਧਨੀਆ, ਅਜਵਾਇਨ ਅਤੇ ਪੁਦੀਨਾਂ ਇਸ ਤਰ੍ਹਾਂ ਦੀਆਂ ਚੀਜ਼ਾਂ ਅਕਸਰ ਮਹਿੰਗੀਆਂ ਹੁੰਦੀਆਂ ਹਨ। ਜਦੋਂ ਇਹ ਸਸਤੀਆਂ ਹੁੰਦੀਆਂ ਹਨ ਤਾਂ ਅਸੀਂ ਇਨ੍ਹਾਂ ਨੂੰ ਏਨੀ ਜ਼ਿਆਦਾ ਮਾਤਰਾ ਵਿਚ ਖਰੀਦ ਲੈਂਦੇ ਹਾਂ ਕਿ ਇਹ ਫਰਿੱਜ ਵਿਚ ਸੜਨ ਲਗਦੀਆਂ ਹਨ।

**ਅਦਲਾ ਬਦਲੀ ਕਰੋ** : ਤੁਹਾਡੇ ਗੁਆਂਢੀ ਨੂੰ ਵੀ ਜੇਕਰ ਇਸ ਵਿਸ਼ੇ ਵਿਚ ਰੁਚੀ ਹੈ ਤਾਂ ਉਨ੍ਹਾਂ ਨਾਲ ਤੁਸੀਂ ਆਪਣੀਆਂ ਫਸਲਾਂ ਦੀ ਅਦਲਾ-ਬਦਲੀ ਕਰ ਸਕਦੇ ਹੋ। ਇਹ ਵਿਵਸਥਾ ਓਨੀ ਹੀ ਪੁਰਾਣੀ ਹੈ, ਜਿੰਨੀ ਖੇਤੀ ਵਿਵਸਥਾ ਹੈ। ਜੇਕਰ ਤੁਹਾਡੇ ਘਰ ਵਿਚ ਨਿੰਬੂ ਦਾ ਇਕ ਬੂਟਾ ਹੈ ਤਾਂ ਉਸ ਨੂੰ ਲੱਗਣ ਵਾਲੇ ਢੇਰਾਂ ਨਿੰਬੂ ਤੁਹਾਡੇ ਹੀ ਨਹੀਂ ਤੁਹਾਡੇ ਗੁਆਂਢੀ ਦੇ ਵੀ ਕੰਮ ਆ ਸਕਦੇ ਹਨ। ਪਾਲਕ, ਚੌਲਾਈ, ਮੇਥੀ, ਸਰ੍ਹੋਂ, ਬਾਥੂ, ਸੋਇਆ ਸਾਗ ਜੇਕਰ ਇਨਾਂ ਨੂੰ ਬਾਹਰ ਸੜਕਾਂ ਤੇ ਉੱਗਿਆ ਹੋਇਆ ਦੇਖਦੇ ਹੋ, ਤਾਂ ਉੱਥੋਂ ਦੀ ਜ਼ਮੀਨ ਵਿਚ ਸ਼ੀਸ਼ਾ ਜਾਂ ਹੋਰ ਕਈ ਧਾਤੂਆਂ ਹੋ ਸਕਦੀਆਂ ਹਨ, ਇਸ ਲਈ ਉਨ੍ਹਾਂ ਨੂੰ ਮੁਫਤ ਵਿਚ ਹਾਸਿਲ ਕਰਨ ਦੀ ਨਾ ਸੋਚੋ। ਇਸ ਦੀ ਬਿਜਾਏ ਉਨ੍ਹਾਂ ਨੂੰ ਘਰ 'ਚ ਗਮਲੇ ਜਾਂ ਕੰਟੇਨਰਾਂ ਵਿਚ ਸੌਖਿਆਂ ਹੀ ਉਗਾਇਆ ਜਾ ਸਕਦਾ ਹੈ। ਖੁਦ ਵੀ ਖਾਓ ਅਤੇ ਗੁਆਂਢੀਆਂ ਨੂੰ ਪੀ ਖੁਆਓ। ਬਦਲੇ ਵਿਚ ਗੁਆਂਢੀਆਂ ਨੇ ਜੋ ਉਗਾਇਆ ਹੈ, ਉਹ ਲੈ ਕੇ ਖਾਓ।

- ਅਨੂ ਆਰ.




### ਕਿਸਾਨ ਵੀਰ ਸਾਈਲੇਜ ਵਾਲੀ ਮੱਕੀ ਨਾਲੋਂ

# ਗਰਮ ਰੁੱਤ ਦੀ ਮੂੰਗੀ ਦੀ ਕਾਸ਼ਤ ਨੂੰ ਦੇਣ ਤਰਜੀਹ

ਤੇਜਬੀਰ ਸਿੰਘ ਬੁੱਟਰ, ਵਿਨੈ ਸਿੰਘ ਅਤੇ ਗੁਰਦੀਪ ਸਿੰਘ, ਕ੍ਰਿਸ਼ੀ ਵਿਗਿਆਨ ਕੇਂਦਰ, ਬਠਿੰਡਾ (ਮੋ.96460-00730)



ਪੰਜਾਬ ਵਿਚ ਕਿਸਾਨ ਵੀਰਾਂ ਨੂੰ ਗਰਮ ਰੁੱਤ ਦੀ ਮੂੰਗੀ ਦੀ ਕਾਸ਼ਤ ਨੂੰ ਦੇਣ ਤਰਜੀਹ ਦੇਣੀ ਚਾਹੀਦੀ ਹੈ ਜੋ ਕਿ ਇਕ ਫਲੀਦਾਰ ਫਸਲ ਹੋਣ ਕਰਕੇ ਜ਼ਮੀਨ ਵਿਚ ਨਾਈਟ੍ਰੋਜਨ ਤੱਕ ਫਿਕਸ ਕਰਨ ਅਤੇ ਜ਼ਮੀਨ ਦੀ ਸਿਹਤ ਸੁਧਾਰ ਵਿਚ ਯੋਗਦਾਨ ਪਾਉਂਦੀ ਹੈ। ਗਰਮ ਰੁੱਤ ਦੀ ਮੂੰਗੀ ਨੂੰ 2-3 ਪਾਣੀਆਂ ਦੀ ਹੀ ਜ਼ਰੂਰਤ ਪੈਂਦੀ ਹੈ। ਇਹ ਫਸਲ ਸਿਰਫ 62 ਦਿਨਾਂ ਵਿਚ ਪੱਕਣ ਕਰਕੇ ਝੋਨੇ ਦੀ ਲਵਾਈ ਨੂੰ ਵੀ ਲੇਟ ਨਹੀਂ ਕਰਦੀ ਹੈ। ਗਰਮ ਰੁੱਤ ਦੀ ਮੂੰਗੀ ਦੀ ਕਾਸ਼ਤ ਲਈ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋਂ ਸਿਫਾਰਸ਼ ਕਿਸਮਾਂ ਐਸ ਐਮ ਐੱਲ 1827, ਐਸ ਐਮ ਐਲ 832 ਅਤੇ ਐਸ ਐਮ ਐਲ 668 ਵਧੇਰੇ ਢੁੱਕਵੀਆਂ ਹਨ।

**ਜ਼ਮੀਨ ਦੀ ਤਿਆਰੀ ਅਤੇ ਬੀਜ ਦੀ ਮਾਤਰਾ** : ਕੱਲਰ ਜਾਂ ਸੇਮ ਵਾਲੀ ਜ਼ਮੀਨ ਮੂੰਗੀ ਦੀ ਕਾਸ਼ਤ ਲਈ ਢੁੱਕਵੀਂ ਨਹੀਂ ਹੈ। ਕਣਕ ਦੀ ਫਸਲ ਦੀ ਕਟਾਈ ਉਪਰੰਤ ਗਰਮ ਰੁੱਤ ਦੀ ਮੂੰਗੀ ਬਿਨਾਂ ਖੇਤ ਵਾਹੇ ਜ਼ੀਰੋ-ਟਿਲ ਡਰਿੱਲ ਨਾਲ ਵੀ ਬੀਜੀ ਜਾ ਸਕਦੀ ਹੈ। ਕਣਕ ਦੀ ਕਟਾਈ ਕੰਬਾਈਨ ਨਾਲ ਕੀਤੀ ਹੋਵੇ ਤੇ ਕਣਕ ਦਾ ਨਾੜ ਖੇਤ ਵਿਚ ਹੋਵੇ ਤਾਂ ਮੂੰਗੀ ਦੀ ਬਿਜਾਈ ਪੀ ਏ ਯੂ ਹੈਪੀ ਸੀਡਰ ਨਾਲ ਕਰਨੀ ਚਾਹੀਦੀ ਹੈ। ਐਸ ਐਮ ਐੱਲ 1827 ਕਿਸਮ ਲਈ 12 ਕਿਲੋ ਬੀਜ ਪ੍ਰਤੀ ਏਕੜ ਦੇ ਹਿਸਾਬ ਨਾਲ ਵਰਤੋ।



**ਬਿਜਾਈ ਦਾ ਸਮਾਂ ਅਤੇ ਢੰਗ** : ਮੂੰਗੀ ਦੀ ਫਸਲ ਨੂੰ ਬੀਜਣ ਦਾ ਸਹੀ ਸਮਾਂ 20 ਮਾਰਚ ਤੋਂ 10 ਅਪ੍ਰੈਲ ਤੱਕ ਦਾ ਹੈ। ਬਿਜਾਈ ਅਪ੍ਰੈਲ ਦੇ ਤੀਜੇ ਹਫਤੇ ਤੱਕ ਵੀ ਕੀਤੀ ਜਾ ਸਕਦੀ ਹੈ, ਪਰ ਪੱਕਣ ਸਮੇਂ ਅਗੇਤੀ ਮੌਨਸੂਨੀ ਬਾਰਸ਼ਾਂ ਨਾਲ ਨੁਕਸਾਨ ਦਾ ਡਰ ਰਹਿੰਦਾ ਹੈ। ਗਰਮ ਰੁੱਤ ਦੀ ਮੂੰਗੀ ਦੀ ਬਿਜਾਈ ਲਈ ਸਿਆੜਾਂ ਵਿਚਲਾ ਫਾਸਲਾ 17.5 ਤੋਂ 22.5 ਸੈਂਟੀਮੀਟਰ ਰੱਖੋ। ਬੀਜ ਡਰਿੱਲ, ਜ਼ੀਰੋ-ਟਿਲ ਡਰਿੱਲ ਜਾਂ ਹੈਪੀ ਸੀਡਰ ਨਾਲ 4 ਤੋਂ 6 ਸੈਂਟੀਮੀਟਰ ਡੂੰਘਾ ਬੀਜੋ।

**ਬੈੱਡ ਉੱਤੇ ਬਿਜਾਈ** : ਦਰਮਿਆਨੀਆਂ ਅਤੇ ਭਾਰੀਆਂ ਜ਼ਮੀਨਾਂ ਉੱਤੇ ਗਰਮ ਰੁੱਤ ਦੀ ਮੂੰਗੀ ਦੀ ਬਿਜਾਈ ਕਣਕ ਲਈ ਵਰਤੇ ਜਾਂਦੇ ਬੈੱਡ ਪਲਾਂਟਰ ਨਾਲ 67.5 ਸੈਂਟੀਮੀਟਰ ਵਿੱਥ ਤੇ ਤਿਆਰ ਕੀਤੇ ਬੈੱਡਾਂ ਉੱਤੇ ਵੀ ਕੀਤੀ ਜਾ ਸਕਦੀ ਹੈ।

**ਜੀਵਾਣੂੰ ਖਾਦ ਦਾ ਟੀਕਾ ਲਾਉਣਾ** : ਇਕ ਏਕੜ ਦੇ ਬੀਜ ਨੂੰ ਤਕਰੀਬਨ 300 ਮਿਲੀਲਿਟਰ ਪਾਣੀ ਨਾਲ ਗਿੱਲਾਂ ਕਰਨ ਤੋਂ ਬਾਅਦ ਬੀਜ ਨੂੰ ਮਿਸ਼ਰਤ ਜੀਵਾਣੂੰ ਖਾਦ ਦੇ ਟੀਕੇ ਦੇ ਇਕ ਪੈਕੇਟ (ਰਾਈਜ਼ੋਬੀਅਮ ਐਲ ਐਸ ਆਰ-1 ਅਤੇ ਰਾਈਜ਼ੋਬੈਕਟੀਅਰੀਅਮ ਆਰ ਬੀ-3) ਦੇ ਨਾਲ ਚੰਗੀ ਤਰ੍ਹਾਂ ਰਲਾਕੇ ਛਾਂ ਵਿਚ ਸੁਕਾਉਣਾ ਚਾਹੀਦਾ ਹੈ। ਇਹ ਟੀਕਾ ਪੀ. ਏ. ਯੂ. ਕੈਂਪਸ (ਲੁਧਿਆਣਾ), ਵੱਖ-ਵੱਖ ਜ਼ਿਲ੍ਹਿਆਂ ਦੇ ਕ੍ਰਿਸ਼ੀ ਵਿਗਿਆਨ ਕੇਂਦਰਾਂ ਅਤੇ ਫਾਰਮ ਸਲਾਹਕਾਰ ਸੇਵਾ ਕੇਂਦਰਾਂ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ।

**ਖਾਦ-ਖੁਰਾਕ** : ਗਰਮ ਰੁੱਤ ਦੀ ਮੂੰਗੀ ਨੂੰ ਖਾਦਾਂ ਦੀ ਜ਼ਿਆਦਾ ਜ਼ਰੂਰਤ ਨਹੀਂ ਪੈਂਦੀ। ਕਣਕ ਦੀ ਕਟਾਈ ਉਪਰੰਤ ਮੂੰਗੀ ਦੀ ਬਿਜਾਈ ਸਮੇਂ 11 ਕਿਲੋ ਯੂਰੀਆ ਅਤੇ 100 ਕਿਲੋ ਸਿੰਗਲ ਸੁਪਰਫਾਸਫੇਟ ਡਰਿੱਲ ਕਰ ਦਿਉ। ਇਸ ਤੋਂ ਇਲਾਵਾ ਆਲੂ ਦੀ ਫਸਲ ਤੋਂ ਪਿੱਛੋਂ ਗਰਮ ਰੁੱਤ ਦੀ ਮੂੰਗੀ ਨੂੰ ਕੋਈ ਖਾਦ ਪਾਉਣ ਦੀ ਲੋੜ ਨਹੀਂ।

**ਸਿੰਚਾਈ** : ਪਹਿਲਾ ਪਾਣੀ ਬਿਜਾਈ ਤੋਂ 25 ਦਿਨਾਂ ਬਾਅਦ ਅਤੇ ਅਖੀਰਲਾ ਪਾਣੀ ਬਿਜਾਈ ਤੋਂ ਤਕਰੀਬਨ 55 ਦਿਨਾਂ ਤੱਕ ਲਾਇਆ ਜਾ ਸਕਦਾ ਹੈ। ਇਸ ਨਾਲ ਝਾੜ ਵਧੇਗਾ ਅਤੇ ਫਲੀਆਂ ਇਕਸਾਰ ਪੱਕਣਗੀਆਂ।

**ਨਦੀਨਾਂ ਦੀ ਰੋਕਥਾਮ** : ਨਦੀਨਾਂ ਦੀ ਰੋਕਥਾਮ ਲਈ ਇਕ ਜਾਂ ਦੋ ਗੋਡੀਆਂ ਦੀ ਸਿਫਾਰਸ਼ ਕੀਤੀ ਗਈ ਹੈ। ਪਹਿਲੀ ਗੋਡੀ ਬਿਜਾਈ ਤੋਂ 4 ਹਫਤੇ ਪਿੱਛੋਂ ਅਤੇ ਦੂਜੀ (ਜੇ ਲੋੜ ਪਵੇ ਤਾਂ) ਉਸ ਤੋਂ 2 ਹਫਤੇ ਪਿੱਛੋਂ ਕਰੋ।


## ਕਿਸਾਨ ਮੇਲਾ
21-22 ਮਾਰਚ ਪੀ.ਏ.ਯੂ. ਲੁਧਿਆਣਾ



ਬਾਸਮਤੀ ਦੀਆਂ ਨਵੀਆਂ ਕਿਸਮਾਂ
ਪੂਸਾ ਬਾਸਮਤੀ 1847 (ਪੀ ਬੀ 1509 ਤੇ ਪੀਬੀ 1692 ਦੀ ਸੋਧ)
ਪੂਸਾ ਬਾਸਮਤੀ 1885 (ਪੀ ਬੀ 1121 ਦੀ ਸੋਧ)
ਪੂਸਾ ਬਾਸਮਤੀ 1886 (ਪੀ ਬੀ 1401 ਦੀ ਸੋਧ)
ਝੋਨੇ ਦੀਆਂ ਨਵੀਆਂ ਕਿਸਮਾਂ
ਪੀ ਆਰ 126 (ਫਾਉਂਡੇਸ਼ਨ ਬੀਜ)
ਪੀ ਆਰ 131
ਮੂੰਗੀ -ਐਸ ਐਮ ਐਲ 1827, ਐੱਮ ਐੱਚ 1142 (ਮਾਂਹ 1008)
ਚਾਰੇ ਦੀਆਂ ਕਿਸਮਾਂ : ਮੱਕੀ ਜੇ 1006, ਅਫਰੀਕਨ ਟਾਲ, ਬਾਜਰਾ ਪੀ ਸੀ ਬੀ 166, ਗਿੰਨੀ ਘਾਹ, ਮੱਕ ਚਰੀ ਅਤੇ ਹਾਈਬ੍ਰਿਡ ਸਬਜ਼ੀਆਂ ਦੇ ਬੀਜ ਅਤੇ ਪਨੀਰੀਆਂ ਖ੍ਰੀਦਣ ਲਈ ਮਿਲੋ :
ਬਰਾੜ ਸੀਡਜ਼
ਸਾਹਮਣੇ ਪੀਏਯੂ ਗੇਟ ਨੰ: 1, ਫਿਰੋਜ਼ਪੁਰ ਰੋਡ, ਲਧਿਆਣਾ।
Ph. : 0161-2461723, 5088210, 98140-97127, 98158-00034


# ਇੱਕ ਉੱਭਰਦਾ ਖੁੰਬ ਉਤਪਾਦਕ ਹਰਜਿੰਦਰ ਸਿੰਘ







**ਸਰਕਾਰੀ ਨੌਕਰੀ ਤੋਂ ਸੇਵਾਮੁਕਤ ਹੋਣ ਉਪਰੰਤ ਹਰਜਿੰਦਰ ਸਿੰਘ ਨੇ ਕਰੋਨਾ ਮਹਾਂਮਾਰੀ ਦੌਰਾਨ ਸੰਨ 2019 ਵਿਚ ਸੋਲਨ ਦੇ ਇਕ ਖੁੰਬ ਫਾਰਮ ਦੇਖਣ ਤੋਂ ਬਾਅਦ ਆਪ ਖੁੰਬਾਂ ਦਾ ਉਤਪਾਦਨ ਕਰਨ ਲਈ ਮਨ ਬਣਾਇਆ। ਸ਼ੁਰੂਆਤ ਵਿਚ ਕਿਸੇ ਸਫਲ ਖੁੰਬ ਉਤਪਾਦਕ ਦੇ ਕੋਲੋਂ ਬਣੀ ਬਣਾਈ ਕੰਪੋਸਟ ਦੇ ਲਗਭਗ 27 ਦੇ ਕਰੀਬ ਲਿਫਾਫੇ ਬਟਨ ਖੁੰਬ ਦੇ ਰੱਖ ਕੇ ਇਸ ਕਿੱਤੇ ਦਾ ਆਰੰਭ ਕੀਤਾ।**



ਦਿਨੇਸ਼ ਦਮਾਥੀਆ
ਮੋ. 94177-14390

ਪੰਜਾਬ ਵਿਚ ਉੱਦਮੀ ਲੋਕਾਂ ਦੀ ਕਮੀਂ ਨਹੀਂ। ਕਿਸੇ ਰੁਜ਼ਗਾਰ ਨੂੰ ਪੂਰੀ ਮਿਹਨਤ ਅਤੇ ਲਗਨ ਨਾਲ ਕਰਕੇ ਕਾਮਯਾਬ ਹੋਣਾ ਪੰਜਾਬੀਆਂ ਦੀ ਅਸਲ ਪਹਿਚਾਣ ਹੈ। ਅਜਿਹੀ ਸੋਚ ਰੱਖਣ ਵਾਲਾ ਇਕ ਉੱਭਰਦਾ ਖੁੰਬ ਉਤਪਾਦਕ ਹੈ ਜ਼ਿਲ੍ਹਾ-ਜਲੰਧਰ ਦਾ ਵਸਨੀਕ ਹਰਜਿੰਦਰ ਸਿੰਘ। ਸਰਕਾਰੀ ਨੌਕਰੀ ਤੋਂ ਸੇਵਾਮੁਕਤ ਹੋਣ ਉਪਰੰਤ ਹਰਜਿੰਦਰ ਸਿੰਘ ਨੇ ਕਰੋਨਾ ਮਹਾਂਮਾਰੀ ਦੌਰਾਨ ਸੰਨ 2019 ਵਿਚ ਸੋਲਨ ਦੇ ਇਕ ਖੁੰਬ ਫਾਰਮ ਦੇਖਣ ਤੋਂ ਬਾਅਦ ਆਪ ਖੁੰਬਾਂ ਦਾ ਉਤਪਾਦਨ ਕਰਨ ਲਈ ਮਨ ਬਣਾਇਆ। ਸ਼ੁਰੂਆਤ ਵਿਚ ਕਿਸੇ ਸਫਲ ਖੁੰਬ ਉਤਪਾਦਕ ਦੇ ਕੋਲੋਂ ਬਣੀ ਬਣਾਈ ਕੰਪੋਸਟ ਦੇ ਲਗਭਗ 27 ਦੇ ਕਰੀਬ ਲਿਫਾਫੇ ਬਟਨ ਖੁੰਬ ਦੇ ਰੱਖ ਕੇ ਇਸ ਕਿੱਤੇ ਦਾ ਆਰੰਭ ਕੀਤਾ। ਆਪਣੇ ਘਰ ਵਿਚ ਹੀ ਇਕ ਖਾਲੀ ਕਮਰੇ ਵਿਚ ਲੱਕੜੀ ਦੇ ਢਾਂਚੇ ਨੂੰ ਤਿਆਰ ਕਰਕੇ ਇਸ ਕੰਮ ਦੀ ਸ਼ੁਰੂਆਤ ਕੀਤੀ। ਹਰਜਿੰਦਰ ਸਿੰਘ ਨੂੰ ਆਪਣੇ ਇਸ ਪਹਿਲੇ ਤਜ਼ਰਬੇ ਤੋਂ ਬਹੁਤ ਵਧੀਆ ਝਾੜ ਪ੍ਰਾਪਤ ਹੋਇਆ ਜਿਸ ਤੋਂ ਉਸਨੇ ਭਾਵੇਂ ਕੋਈ ਪੈਸਾ ਨਹੀਂ ਕਮਾਇਆ ਪਰ ਅੱਗੋਂ ਇਸ ਕਿੱਤੇ ਨੂੰ ਵਧਾਉਣ ਦਾ ਫੈਸਲਾ ਕੀਤਾ। ਉਸ ਦੇ ਬਾਅਦ ਬਾਗਬਾਨੀ ਵਿਭਾਗ ਜਲੰਧਰ ਤੋਂ ਢੀਂਗਰੀ ਖੁੰਬ ਕੰਪੋਸਟ ਦੇ ਕੁਝ ਲਿਫਾਫੇ ਲਏ ਜਿਸ ਤੋਂ ਬਹੁਤ ਵਧੀਆ ਝਾੜ ਮਿਲਿਆ ਪਰ ਪੰਜਾਬ ਵਿਚ ਢੀਂਗਰੀ ਖੁੰਬ ਦੀ ਬਹੁਤ ਜ਼ਿਆਦਾ ਮੰਗ ਨਾ ਹੋਣ ਕਰਕੇ ਢੀਂਗਰੀ ਖੁੰਬ ਉਤਪਾਦਨ ਦੇ ਕੰਮ ਨੂੰ ਹੋਰ ਜ਼ਿਆਦਾ ਨਹੀਂ ਵਧਾਇਆ। ਜ਼ਿੰਦਗੀ ਵਿਚ ਕਿਸੇ ਵੀ ਕੰਮ ਵਿਚ ਸਿਰਫ ਕਾਮਯਾਬੀ ਹੀ ਹਾਸਲ ਹੋਵੇ ਇਹ ਜ਼ਰੂਰੀ ਨਹੀਂ ਹੁੰਦਾ। ਹਰਜਿੰਦਰ ਸਿੰਘ ਨੇ ਅਗਲੇ ਸੀਜ਼ਨ ਵਿਚ ਖੁੰਬਾਂ ਦੇ ਕੰਮ ਨੂੰ ਕੀਤਾ ਪਰ ਵੱਡੀ ਨਾਕਾਮਯਾਬੀ ਹਾਸਲ ਹੋਈ ਅਤੇ ਸਾਰੀ ਕੰਪੋਸਟ ਖਰਾਬ ਹੋ ਗਈ ਅਤੇ ਬੁਰੀ ਤਰ੍ਹਾਂ ਨਾਕਾਮ ਹੋ ਗਿਆ। ਹਰਜਿੰਦਰ ਸਿੰਘ ਅਨੁਸਾਰ ਇਸ ਕਿੱਤੇ ਵਿਚ ਨਾਕਾਮਯਾਬੀ ਮਿਲਣ ਦਾ ਸਭ ਤੋਂ ਵੱਡਾ ਕਾਰਨ ਖੁੰਬਾਂ ਦੇ ਉਤਪਾਦਨ ਲਈ ਲੋੜੀਂਦਾ ਤਾਪਮਾਨ ਅਤੇ ਨਮੀਂ ਦੀ ਮਾਤਰਾ ਦਾ ਸਹੀ ਨਾ ਹੋਣਾ ਹੈ। ਇਸ ਕਿੱਤੇ ਵਿਚ ਨਾਕਾਮਯਾਬ ਹੋਣ ਤੋਂ ਬਾਅਦ ਹਰਜਿੰਦਰ ਸਿੰਘ ਨੇ ਹੌਸਲਾ ਨਹੀਂ ਛੱਡਿਆ ਅਤੇ ਮੁੜ ਬੱਟਨ ਖੁੰਬ ਦੇ 500 ਲਿਫਾਫਿਆਂ ਤੋਂ ਮੁੜ ਕੰਮ ਕੀਤਾ। ਦੂਜੇ ਕੁਝ ਕਾਮਯਾਬ ਖੁੰਬ ਉਤਪਾਦਕਾਂ ਦੀ ਸਲਾਹ ਲੈ ਕੇ ਇਸ ਵਾਰ ਫਿਰ ਤੋਂ ਹਰਜਿੰਦਰ ਸਿੰਘ ਵੱਡੀ ਕਾਮਯਾਬੀ ਹਾਸਲ ਹੋਈ। ਇਸ ਵਾਰ ਹਰਜਿੰਦਰ ਸਿੰਘ ਨੇ ਪੈਦਾ ਕੀਤੀਆਂ ਖੁੰਬਾਂ ਦਾ ਮੰਡੀਕਰਨ ਕੀਤਾ। ਸ਼ੁਰੂਆਤ ਵਿਚ ਖੁੰਬਾਂ ਦੀ ਮੰਡੀਕਾਰੀ ਵਿਚ ਬਹੁਤ ਦਿੱਕਤਾਂ ਆਈਆਂ ਪਰ ਹਰਜਿੰਦਰ ਸਿੰਘ ਅਨੁਸਾਰ ਮੰਡੀਕਰਨ ਲਈ ਹਰ ਤਰ੍ਹਾਂ ਦੀ ਸ਼ਰਮ ਅਤੇ ਝਿੱਜਕ ਨੂੰ ਤਿਆਗਣ ਦੀ ਲੋੜ ਹੁੰਦੀ ਹੈ ਅਤੇ ਵਧੀਆ ਮੰਡੀਕਰਨ ਕੀਤਾ ਜਾ ਸਕਦਾ ਹੈ। ਇਸ ਕਿੱਤੇ ਵਿਚ ਕਾਮਯਾਬ ਹੋਣ ਲਈ ਹਰਜਿੰਦਰ ਸਿੰਘ ਦੇ ਅਨੁਸਾਰ ਕੰਪੋਸਟ ਬਣੀ ਬਣਾਈ ਲੈਣ ਦੀ ਬਜਾਏ ਆਪ ਤਿਆਰ ਕੀਤੀ ਜਾਵੇ ਅਤੇ ਇਸ ਨਾਲ ਇਸ ਕਿੱਤੇ ਵਿਚ ਖਰਚਾ ਵੀ ਘੱਟ ਹੁੰਦਾ ਹੈ। ਹੁਣ ਹਰਜਿੰਦਰ ਸਿੰਘ ਆਪਣੀ ਖੁੰਬ ਦੀ ਤੁੜਾਈ ਤੋਂ ਬਾਅਦ ਵਧੀਆ ਧੋ ਕੇ ਅਤੇ ਵਧੀਆ ਪੈਕਿੰਗ ਕਰਕੇ ਮੰਡੀ ਵਿਚ ਵੇਚਦਾ ਹੈ। ਕੁਝ ਖਪਤਕਾਰ ਹੁਣ ਸਿੱਧੇ ਤੌਰ ਤੇ ਵੀ ਹਰਜਿੰਦਰ ਸਿੰਘ ਤੋਂ ਉਸ ਦੇ ਫਾਰਮ ਤੋਂ ਹੀ ਖੁੰਬਾਂ ਖਰੀਦ ਲੈਂਦੇ ਹਨ। ਹਰਜਿੰਦਰ ਸਿੰਘ ਅਨੁਸਾਰ ਇਸ ਕਿੱਤੇ ਵਿਚ ਕਾਮਯਾਬੀ ਲਈ ਫਾਰਮ ਦੀ ਸਾਫ ਸਫਾਈ ਅਤੇ ਵਰਤੇ ਜਾਣ ਵਾਲੇ ਹਰ ਸਮਾਨ ਨੂੰ ਕਿਟਾਣੂ ਰਹਿਤ ਕਰਕੇ ਵਰਤਣਾ, ਕੋਈ ਅਣਗਹਿਲੀ ਨਹੀਂ ਹੋਣੀ ਚਾਹੀਦੀ। ਇਕ ਲਿਫਾਫਾ ਵੀ ਜੇਕਰ ਖਰਾਬ ਹੋ ਜਾਵੇ ਤਾਂ ਫੌਰਨ ਬਾਕੀ ਲਿਫਾਫਿਆਂ ਤੋਂ ਦੂਰ ਕਰਨਾ ਜ਼ਰੂਰੀ ਹੈ। ਕੇਸਿੰਗ ਸਹੀ ਨਾ ਹੋਵੇ ਤਾਂ ਖੁੰਬਾਂ ਦੇ ਝਾੜ ਵਿਚ ਕਮੀ ਹੋ ਸਕਦੀ ਹੈ। ਹੁਣ ਦੇ ਸੀਜ਼ਨ ਵਿਚ ਹਰਜਿੰਦਰ ਸਿੰਘ ਨੇ ਨਵੰਬਰ ਦੇ ਆਖਰੀ ਹਫਤੇ ਬਟਨ ਖੁੰਬਾਂ ਦੀ ਕੰਪੋਸਟ ਦੇ ਲਿਫਾਫੇ ਆਪਣੇ ਸ਼ੈੱਡ ਵਿਚ ਸਥਾਪਤ ਕੀਤੇ ਅਤੇ ਦਸੰਬਰ ਦੇ ਪਹਿਲੇ ਹਫਤੇ ਕੇਸਿੰਗ ਦਾ ਕੰਮ ਪੂਰਾ ਕੀਤਾ। ਕੇਸਿੰਗ ਤੋਂ 21 ਦਿਨਾਂ ਦੇ ਬਾਅਦ ਖੁੰਬਾਂ ਉਗਣੀਆਂ ਸ਼ੁਰੂ ਹੋ ਜਾਂਦੀਆਂ ਹਨ ਅਤੇ ਜਨਵਰੀ ਦੇ ਪਹਿਲੇ ਹਫਤੇ ਤਿਆਰ ਹੋਈਆਂ ਖੁੰਬਾਂ ਦੀ ਤੁੜਾਈ ਸ਼ੁਰੂ ਹੋ ਜਾਂਦੀ ਹੈ। ਹਰਜਿੰਦਰ ਸਿੰਘ ਅਨੁਸਾਰ ਇਹ ਸੀਜ਼ਨ ਫਰਵਰੀ ਦੇ ਅਖੀਰ ਤੱਕ ਜਾਣ ਦੀ ਉਮੀਦ ਹੈ। ਖੁੰਬਾਂ ਦੀ ਤੁੜਾਈ ਹੱਥਾਂ ਨਾਲ ਬੜੀ ਸਾਵਧਾਨੀ ਨਾਲ ਕੀਤੀ ਜਾਂਦੀ ਹੈ। ਤੁੜਾਈ ਅਤੇ ਪੈਕਿੰਗ ਲਈ ਹਰਜਿੰਦਰ ਸਿੰਘ ਨੇ ਦੋ ਬੰਦੇ ਲੇਬਰ ਵਜੋਂ ਵੀ ਰੱਖੇ ਹੋਏ ਹਨ ਜਿਨ੍ਹਾਂ ਦੀ ਮਦਦ ਨਾਲ ਖੁੰਬ ਉਤਪਾਦਨ ਦਾ ਸਾਰਾ ਕੰਮ ਬਹੁਤ ਸੌਖਾ ਹੋ ਜਾਂਦਾ ਹੈ। ਇਸ ਕੰਮ ਵਿਚ ਦੂਜਿਆਂ ਨੂੰ ਦੇਖ ਕੇ ਸਿਖਲਾਈ ਤਾਂ ਹਰਜਿੰਦਰ ਸਿੰਘ ਨੇ ਆਪਣੇ ਪੱਧਰ ਤੇ ਲੈ ਹੀ ਲਈ ਸੀ ਪਰ ਫਿਰ ਵੀ ਤਕਨੀਕੀ ਤੌਰ ਤੇ ਸਿਖਲਾਈ ਨੂੰ ਮਾਨਤਾ ਪ੍ਰਾਪਤ ਕਰਨ ਲਈ ਹਰਜਿੰਦਰ ਸਿੰਘ ਨੇ ਆਪਣੇ ਇਸ ਖੁੰਬ ਉਤਪਾਦਨ ਦੇ ਕੰਮ ਨੂੰ ਹੋਰ ਵਧਾਉਣ ਅਤੇ ਵਪਾਰਕ ਪੱਧਰ ਤੇ ਕਰਨ ਲਈ ਖੁੰਬ ਉਤਪਾਦਨ ਦੀ ਤਕਨੀਕੀ ਸਿਖਲਾਈ ਵੀ ਲਈ ਹੈ। ਕਰੋਨਾ ਸਮੇਂ ਭਾਵ 2021 ਵਿਚ ਸਕਿੱਲ ਡਿਵੈਲਪਮੈਂਟ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਤੋਂ ਇਕ ਹਫਤੇ ਦੀ ਆਨਲਾਈਨ ਢੰਗ ਨਾਲ ਸਿਖਲਾਈ ਲਈ ਅਤੇ ਬੀਤੇ ਸਾਲ 2024 ਵਿਚ ਕ੍ਰਿਸ਼ੀ ਵਿਗਿਆਨ ਕੇਂਦਰ ਨੂਰਮਹਿਲ, ਜਲੰਧਰ ਤੋਂ ਇਕ ਹਫਤੇ ਦੀ ਸਿਖਲਾਈ ਲਈ। ਭਵਿੱਖ ਵਿਚ ਹਰਜਿੰਦਰ ਸਿੰਘ ਇਸ ਕੰਮ ਨੂੰ ਹੋਰ ਵੱਡੇ ਪੱਧਰ ਤੇ ਲੈ ਕੇ ਜਾਣਾ ਚਾਹੁੰਦਾ ਹਾਂ। ਅਗਲੇ ਸੀਜ਼ਨ ਵਿਚ ਆਪਣੀ ਕੰਪੋਸਟ ਆਪ ਤਿਆਰ ਕਰਕੇ ਖੁੰਬਾਂ ਦੀ ਕਾਸ਼ਤ ਕਰੇਗਾ। ਭਵਿੱਖ ਵਿਚ ਹਰਜਿੰਦਰ ਸਿੰਘ ਇਕ ਖੁੰਬ ਹਾਉਸ ਦੇ ਨਿਰਮਾਣ ਕਰਨ ਬਾਰੇ ਵੀ ਸੋਚ ਰਿਹਾ ਹੈ ਜਿਸ ਵਿਚ ਤਾਪਮਾਨ ਨੂੰ ਬਰਕਰਾਰ ਰੱਖ ਕੇ ਸਾਰਾ ਸਾਲ ਬਟਨ ਖੁੰਬ ਦੀ ਪੈਦਾਵਾਰ ਕਰੇਗਾ ਅਤੇ ਆਪਣੀ ਆਮਦਨ ਕੁਝ ਕੁ ਮਹੀਨੇ ਨਾ ਲੈਂਦਾ ਹੋਇਆ ਸਾਰਾ ਸਾਲ ਆਮਦਨ ਪ੍ਰਾਪਤ ਕਰੇਗਾ। ਹਰਜਿੰਦਰ ਸਿੰਘ ਅਨੁਸਾਰ ਇਹ ਖੁੰਬਾਂ ਦਾ ਕੰਮ ਇਕ ਵਧੀਆ ਅਤੇ ਸੌਖਾ ਕੰਮ ਹੈ। ਘਰ ਦੀਆਂ ਔਰਤਾਂ ਵੀ ਇਸ ਕੰਮ ਨੂੰ ਬੜੀ ਅਸਾਨੀ ਨਾਲ ਕਰ ਸਕਦੀਆਂ ਹਨ। ਹਰਜਿੰਦਰ ਸਿੰਘ ਜ਼ਿਲ੍ਹਾ ਜਲੰਧਰ ਦੀਆਂ ਕਈ ਸੰਸਥਾਵਾਂ ਅਤੇ ਗਰੁੱਪਾਂ ਨਾਲ ਬਹੁਤ ਸਰਗਰਮੀ ਨਾਲ ਜੁੜਿਆ ਰਹਿੰਦਾ ਹੈ ਅਤੇ ਉੱਥੋਂ ਖੁੰਬਾਂ ਸੰਬੰਧੀ ਹਰ ਤਰ੍ਹਾਂ ਦਾ ਗਿਆਨ ਪ੍ਰਾਪਤ ਕਰਦਾ ਰਹਿੰਦਾ ਹੈ। ਹਰਜਿੰਦਰ ਸਿੰਘ ਦਾ ਜਲੰਧਰ ਨੂਰਮਹਿਲ ਦੇ ਕ੍ਰਿਸ਼ੀ ਵਿਗਿਆਨ ਕੇਂਦਰ, ਬਾਗਬਾਨੀ ਵਿਭਾਗ ਜਲੰਧਰ ਅਤੇ ਹੋਰ ਸੰਬੰਧਤ ਵਿਭਾਗਾਂ ਦੇ ਵਿਗਿਆਨੀਆਂ ਨਾਲ ਪੂਰਾ ਸੰਪਰਕ ਰਹਿੰਦਾ ਹੈ। ਭਵਿੱਖ ਉਹ ਹਮੇਸ਼ਾਂ ਤਤਪਰ ਰਹਿੰਦਾ ਹੈ। ਹਰਜਿੰਦਰ ਸਿੰਘ ਵਿਗਿਆਨਕ ਸੋਚ ਰੱਖਣ ਵਾਲਾ ਇਕ ਸਫਲ ਉੱਭਰਦਾ ਖੁੰਬ ਉਤਪਾਦਕ ਹੈ। ਅਸੀਂ ਹਰਜਿੰਦਰ ਸਿੰਘ ਦੀ ਖੁੰਬਾਂ ਦੀ ਪੈਦਾਵਾਰ ਦੇ ਇਸ ਨਿਰੰਤਰ ਚਲਦੇ ਸਫਰ ਵਿਚ ਆਪਣੀ ਵਧੀਆ ਕਾਰਗੁਜ਼ਾਰੀ ਕਰਦੇ ਰਹਿਣ ਲਈ ਇਸ ਨੂੰ ਦਿਲੋਂ ਆਪਣੀਆਂ ਸ਼ੁਭ ਕਾਮਨਾਵਾਂ ਦਿੰਦੇ ਹਾਂ।








## ਅੰਬ ਦੇ ਚਿੱਟੇ ਰੋਗ ਦੀ ਰੋਕਥਾਮ

ਅੰਬ ਨੂੰ ਫਲਾਂ ਦਾ ਰਾਜਾ ਆਖਿਆ ਜਾਂਦਾ ਹੈ ਅਤੇ ਇਸ ਦੀ ਕਾਸ਼ਤ ਤਕਰੀਬਨ 7.9 ਹਜ਼ਾਰ ਹੈਕਟੇਅਰ ਵਿੱਚ ਕੀਤੀ ਜਾ ਰਹੀ ਹੈ। ਇਸ ਦਾ ਮਨਭਾਉਂਦਾ ਸੁਆਦ ਸਭ ਨੂੰ ਆਕਰਸ਼ਿਤ ਕਰਦਾ ਹੈ। ਅੱਜ ਤੋਂ ਕੁਝ ਸਮਾਂ ਪਹਿਲਾਂ ਪੰਜਾਬ ਵਿੱਚ ਅੰਬ ਨੂੰ ਪਹਿਲਾ ਸਥਾਨ ਪ੍ਰਾਪਤ ਸੀ, ਪਰ ਸਮੇਂ ਦੇ ਨਾਲ ਇਸ ਦੀ ਕਾਸ਼ਤ ਘੱਟ ਗਈ ਅਤੇ ਇਸ ਵੇਲੇ ਅੰਬ ਨੂੰ ਤੀਜਾ ਸਥਾਨ ਪ੍ਰਾਪਤ ਹੈ। ਇਸ ਉਪਰ ਕਈ ਕੀੜੇ-ਮਕੌੜੇ ਅਤੇ ਬਿਮਾਰੀਆਂ ਹਮਲਾ ਕਰਦੀਆਂ ਹਨ, ਜੋ ਇਸ ਦੀ ਘੱਟ ਰਹੀ ਪੈਦਾਵਾਰ ਦੇ ਮੁੱਖ ਕਾਰਨ ਹਨ। ਅੰਬ ਦਾ ਚਿੱਟਾ ਰੋਗ ਇਸ ਦਾ ਝਾੜ ਕਾਫੀ ਘਟਾ ਦਿੰਦਾ ਹੈ। ਇਹ ਅੰਬ ਦੀਆਂ ਸਭ ਤੋਂ ਗੰਭੀਰ ਬਿਮਾਰੀਆਂ ਵਿੱਚੋਂ ਇੱਕ ਹੈ, ਜੋ ਲਗਭਗ ਸਾਰੀਆਂ-ਸਾਰੀਆਂ ਕਿਸਮਾਂ ਨੂੰ ਪ੍ਰਭਾਵਿਤ ਕਰਦੀ ਹੈ। ਹੇਠ ਲਿਖੇ ਇਸ ਬਿਮਾਰੀ ਦੇ ਲੱਛਣ ਵੇਖ ਕੇ ਜ਼ਿਮੀਂਦਾਰ ਆਪਣੇ ਬਾਗ ਵਿੱਚ ਇਸ ਦੀ ਸੁਚੱਜੀ ਰੋਕਥਾਮ ਕਰ ਸਕਦੇ ਹਨ।



**ਨਿਸ਼ਾਨੀਆਂ** : ਇਹ ਬਿਮਾਰੀ ਫਰਵਰੀ-ਮਾਰਚ ਦੇ ਮਹੀਨੇ ਵਿੱਚ ਆਉਂਦੀ ਹੈ। ਘੱਟ ਤਾਪਮਾਨ ਅਤੇ ਗਰਮ ਸਿੱਲ੍ਹਾ ਮੌਸਮ ਬਿਮਾਰੀ ਦੇ ਵਾਧੇ ਲਈ ਬੜਾ ਅਨੁਕੂਲ ਹੈ। ਇਸ ਬਿਮਾਰੀ ਦਾ ਹਮਲਾ ਬੂਰ ਪੈਣ ਦੇ ਨਾਲ ਹੀ ਸ਼ੁਰੂ ਹੋ ਜਾਂਦਾ ਹੈ। ਪੱਤਿਆਂ, ਫੁੱਲਾਂ, ਫਲਾਂ ਅਤੇ ਟਾਹਣੀਆਂ ਉੱਪਰ ਆਟੇ ਵਰਗਾ ਧੂੜਾ ਪੈ ਜਾਂਦਾ ਹੈ। ਪ੍ਰਭਾਵਿਤ ਫੁੱਲ ਝੜ ਜਾਂਦੇ ਹਨ ਅਤੇ ਫਲ ਪੱਕਣ ਤੋਂ ਪਹਿਲਾਂ ਹੀ ਡਿੱਗ ਜਾਂਦੇ ਹਨ, ਜਿਸ ਕਰਕੇ ਫ਼ਸਲ ਦਾ ਝਾੜ ਕਾਫੀ ਘੱਟ ਜਾਂਦਾ ਹੈ। ਕਈ ਵਾਰ ਬਿਮਾਰੀ ਨਵੇਂ ਨਿਕਲਦੇ ਪੱਤਿਆਂ 'ਤੇ ਵੀ ਆ ਜਾਂਦੀ ਹੈ। ਬਿਮਾਰੀ ਵਾਲੇ ਪੱਤੇ ਮੁਰਝਾ ਕੇ ਸੁੱਕ ਜਾਂਦੇ ਹਨ। ਇਹ ਉੱਲ੍ਹੀ ਦਰੱਖਤਾਂ 'ਤੇ ਹੀ ਪਲਦੀ ਰਹਿੰਦੀ ਹੈ।

**ਰੋਕਥਾਮ** : ਇਸ ਦੀ ਰੋਕਥਾਮ ਲਈ 1.0 ਗ੍ਰਾਮ ਕੈਰਾਥੇਨ (ਘੁਲਣਸ਼ੀਲ) ਜਾਂ 2.5 ਗ੍ਰਾਮ ਗੰਧਕ ਜਾਂ 1.0 ਮਿਲੀਲੀਟਰ ਕੰਟਾਫ ਪ੍ਰਤੀ ਲੀਟਰ ਪਾਣੀ ਦੇ ਹਿਸਾਬ ਨਾਲ ਕੀਤੀ ਜਾ ਸਕਦੀ ਹੈ। ਪਹਿਲਾ ਛਿੜਕਾਅ ਬੂਰ ਆਉਣ ਤੋਂ ਪਹਿਲਾਂ, ਦੂਜਾ ਬੂਰ ਆਉਣ 'ਤੇ ਅਤੇ ਤੀਜਾ ਫਲ ਆਉਣ 'ਤੇ ਕਰੋ। ਜੇਕਰ ਲੋੜ ਪਵੇ ਤਾਂ 10-15 ਦਿਨਾਂ ਬਾਅਦ ਇੱਕ ਹੋਰ ਛਿੜਕਾਅ ਕੀਤਾ ਜਾ ਸਕਦਾ ਹੈ।

ਪਰਮਿੰਦਰ ਕੌਰ ਅਤੇ ਸਵਰੀਤ ਖਹਿਰਾ, ਪੀ. ਏ. ਯੂ. ਫਾਰਮ ਸਲਾਹਕਾਰ ਸੇਵਾ ਕੇਂਦਰ, ਤਰਨ ਤਾਰਨ